ੴ ਵਾਹਿਗੁਰੂ ਜੀ ਕੀ ਫ਼ਤਿਹ

ਗੁਰਮਤਿ ਐਲੀਮੈਂਟਰੀ ਕੋਰਸ

GURMAT ELEMENTARY COURSE

(CORRESPONDENCE COURSE)

LESSON 8

---- ਪ੍ਰਕਾਸ਼ਕ ----

ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਲੁਧਿਆਣਾ-141013

ਫੋਨ : 0161-2521700

E-mail: gurmatgian@rediffmail.com

Web: www.gurmatgian.org

ਸਭ ਹੱਕ ਗੁਰੂ ਪੰਥ ਦੇ ਰਾਖਵੇਂ ਹਨ। ਧਰਮ ਪ੍ਰਚਾਰ ਤੇ ਪ੍ਰਸਾਰ ਲਈ ਕੋਈ ਵੀ ਇਸਨੂੰ ਹਵਾਲੇ ਸਹਿਤ ਛਪਵਾ ਕੇ ਵੰਡ ਸਕਦਾ ਹੈ।

ਜੁਲਾਈ 2020

20/- ਰੁਪਏ

ਤਤਕਰਾ

ਵਿਸ਼ਾ ਸੂਚੀ **ਪੰਨਾ**

ਗੁਰ-ਇਤਿਹਾਸ

1. ਗੁਰੂ ਤੇਗ ਬਹਾਦਰ ਸਾਹਿਬ ਜੀ 3

2. ਭਾਈ ਦਿਆਲਾ ਜੀ 8

3. ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ 11

ਸਿੱਖ-ਇਤਿਹਾਸ

4. ਸ. ਜੱਸਾ ਸਿੰਘ ਆਹਲੂਵਾਲੀਆ 13

5. ਸ. ਜੱਸਾ ਸਿੰਘ ਰਾਮਗੜ੍ਹੀਆ 18

ਫਿਲਾਸਫ਼ੀ

6. ਅਕਾਲ ਪੁਰਖ ਦੀ ਹਸਤੀ 23

7. ਸੁਰਗ ਨਰਕ 28

8. ਕਰਮ ਕਾਂਡ 31

ਸ਼ਬਦ-ਵੀਚਾਰ

9. ਮਨ ਕੀ ਮਨ ਹੀ ਮਾਹਿ ਰਹੀ... 39

10. ਸਾਧੋ ਮਨ ਕਾ ਮਾਨ ਤਿਆਗਹੁ... 40

11. ਜੋ ਨਰੁ ਦੁਖ ਮਹਿ ਦੁਖ... 41

12. ਮਨ ਰੇ ਕਉਨੁ ਕੁਮਤਿ ਤੈ ਲੀਨੀ... 42

13. ਹਰਿ ਕੇ ਨਾਮ ਬਿਨਾ ਦੁਖੁ ਪਾਵੈ... 43

ਜੀਵਨ ਵਿਕਾਸ

14. ਮਨੁੱਖਤਾ ਤੇ ਪਰਸੁਆਰਥ 44

ਪ੍ਰਸ਼ਨ ਪੱਤਰ 48

ਨੋਟ:- ਇਤਿਹਾਸ ਵਿਚ ਆਈਆਂ ਮਿਤੀਆਂ ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਹਨ।

ਗੁਰ-ਇਤਿਹਾਸ

1. ਗੁਰੂ ਤੇਗ ਬਹਾਦਰ ਸਾਹਿਬ ਜੀ

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 18 ਅਪ੍ਰੈਲ ਸੰਨ 1621 ਨੂੰ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦਾ ਨਾਂ ਤਿਆਗ ਮੱਲ ਰੱਖਿਆ ਗਿਆ। ਆਪ ਜੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਮੁੱਢ ਤੋਂ ਹੀ ਆਪ ਡੂੰਘੇ ਵੀਚਾਰਵਾਨ, ਦਲੇਰ, ਨਿਰਭੈ ਤੇ ਤਿਆਗੀ ਸੁਭਾਅ ਦੇ ਮਾਲਕ ਸਨ। ਆਪ ਜੀ ਦੀ ਪੜ੍ਹਾਈ ਸਿਖਲਾਈ ਮੀਰੀ ਪੀਰੀ ਦੇ ਮਾਲਕ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਹੇਠ ਹੋਈ। ਆਪ ਜੀ ਨੂੰ ਗੁਰਮਤਿ ਦੀ ਵਿਦਿਆ ਦੇ ਨਾਲ ਸ਼ਸਤਰਾਂ ਦੀ ਵਰਤੋਂ ਤੇ ਘੋੜ ਸਵਾਰੀ ਆਦਿ ਦੀ ਸਿਖਲਾਈ ਵੀ ਦਿੱਤੀ ਗਈ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤਸਰ ਤੋਂ ਕਰਤਾਰਪੁਰ ਆਏ ਤਾਂ ਆਪ ਪਿਤਾ ਗੁਰੂ ਜੀ ਦੇ ਨਾਲ ਹੀ ਸਨ। ਸੰਨ 1634 ਵਿਚ ਆਪ ਦਾ ਅਨੰਦ ਕਾਰਜ ਲਖਨੌਰ ਜ਼ਿਲਾ ਅੰਬਾਲਾ ਨਿਵਾਸੀ ਸ੍ਰੀ ਲਾਲ ਚੰਦ ਜੀ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ। ਜਦੋਂ ਕਰਤਾਰਪੁਰ ਵਿਖੇ 1635 ਵਿੱਚ ਮੁਗਲਾਂ ਨਾਲ ਚੌਥੀ ਜੰਗ ਹੋਈ ਤਾਂ ਆਪ ਜੀ ਨੇ ਐਸੇ ਤੇਗ ਦੇ ਜੌਹਰ ਵਿਖਾਏ ਕਿ ਪਿਤਾ ਹਰਿ ਗੋਬਿੰਦ ਸਾਹਿਬ ਜੀ ਨੇ ਆਪ ਜੀ ਦਾ ਨਾਮ 'ਤੇਗ ਬਹਾਦਰ' ਰੱਖ ਦਿੱਤਾ। ਇਸ ਜੰਗ ਤੋਂ ਪਿਛੋਂ ਗੁਰੂ ਹਰਿ ਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ ਤੇ ਆਪ ਪਿਤਾ ਗੁਰੂ ਜੀ ਦੀ ਆਗਿਆ ਅਨੁਸਾਰ ਆਪਣੇ ਪਰਿਵਾਰ ਸਹਿਤ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ।

ਪਿੰਡ ਬਕਾਲੇ ਰਹਿ ਕੇ ਕੇਂਦਰੀ ਪੰਜਾਬ ਵਿਚ ਸਿੱਖੀ ਪ੍ਰਚਾਰ ਦੀ ਜਿੰਮੇਵਾਰੀ ਨਿਭਾਉਂਦੇ ਰਹੇ। ਸੰਨ 1644 ਵਿਚ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਜੋਤੀ ਜੋਤ ਸਮਾਏ। ਗੁਰੂ ਹਰਿ ਰਾਇ ਸਾਹਿਬ ਜੀ ਨੇ 1656 ਵਿਚ ਆਪ ਜੀ ਨੂੰ ਪਟਨੇ ਦਾ ਮੁੱਖੀ ਪ੍ਰਚਾਰਕ ਥਾਪ ਕੇ ਭੇਜਿਆ। ਆਪ ਜੀ ਨੇ ਦੂਰ ਦੂਰ ਢਾਕਾ (ਬੰਗਾਲ) ਤੀਕ ਧਰਮ ਪ੍ਰਚਾਰ ਕੀਤਾ। ਫਿਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਆਗਿਆ ਅਨੁਸਾਰ ਪ੍ਰਚਾਰ ਵਿਚ ਜੁਟੇ ਰਹੇ।

ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਔਰੰਗਜ਼ੇਬ ਦੀ ਬੇਨਤੀ ਪੁਰ ਦਿੱਲੀ ਆਏ ਅਤੇ ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੂੰ ਪਟਨੇ ਤੋਂ ਬੁਲਾ ਭੇਜਿਆ ਅਤੇ 7 ਅਪ੍ਰੈਲ 1664 ਨੂੰ ਦਿੱਲੀ ਵਿਖੇ ਆ ਮਿਲੇ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਗੁਰਿਆਈ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੌਂਪਣ ਦਾ ਫੈਸਲਾ ਕੀਤਾ। ਮੁਖੀ ਸਿਖਾਂ, ਪਰਿਵਾਰਾਂ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਨਿਜੀ ਤੌਰ 'ਤੇ ਦਸ ਦਿੱਤਾ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਬਕਾਲੇ ਜਾਣ ਦਾ ਹੁਕਮ ਦਿੱਤਾ।

16 ਅਪ੍ਰੈਲ, ਸੰਨ 1664 ਨੂੰ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਜੋਤੀ ਜੋਤਿ

ਸਮਾਏ ਤੇ ਉਹਨਾਂ ਪਾਸ ਬੈਠੀਆਂ ਸਿੱਖ ਸੰਗਤਾਂ ਦੇ ਪੁਛਣ 'ਤੇ ਹੁਣ ਕਿਸ ਦੇ ਲੜ ਲਾ ਚਲੇ ਹੋ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਫੁਰਮਾਇਆ "ਬਾਬਾ ਬਸੇ ਗਰਾਮ ਬਕਾਲੇ" ਭਾਵ ਗੁਰਗੱਦੀ ਦਾ ਵਾਰਿਸ ਬਕਾਲੇ ਵਿਚ ਹੈ। ਭਾਂਵੇਂ ਦਿੱਲੀ ਵਿਖੇ ਮੁਖੀ ਸਿਖਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਮਿਲਣ ਬਾਰੇ ਕੋਈ ਭੁਲੇਖਾ ਨਹੀਂ ਸੀ, ਪਰ ਆਮ ਸੰਗਤਾਂ ਨੂੰ ਟਪਲਾ ਲਾ ਕੇ ਆਪਣੀ ਮਾਨਤਾ ਕਰਾਉਣ ਦੀ ਇੱਛਾ ਨਾਲ ਧੀਰਮਲ ਬਕਾਲੇ ਆ ਬੈਠਾ ਅਤੇ ਆਪਣੇ ਆਪ ਨੂੰ ਗੁਰੂ ਪ੍ਰਚਾਰਨ ਲੱਗਾ।

ਦਿੱਲੀ ਤੋਂ ਮੁਖੀ ਸਿੱਖ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀਆਂ ਅੰਤਮ ਰਸਮਾਂ ਤੋਂ ਵਿਹਲੇ ਹੋ ਕੇ ਹੋਰ ਮੁਖੀ ਸਿਖਾਂ-ਮਸੰਦਾਂ ਨੂੰ ਸੁਨੇਹੇ ਭੇਜ ਕੇ ਬਕਾਲੇ ਆਏ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਸੌਂਪਣ ਦੀ ਰਸਮ ਪੂਰੀ ਕੀਤੀ। ਇਨ੍ਹਾਂ ਹੀ ਦਿਨਾਂ ਵਿਚ ਭਾਈ ਮੱਖਣ ਸ਼ਾਹ ਲੁਬਾਣਾ ਜੋ ਜ਼ਿਲਾ ਮੁਜ਼ਫਰਾਬਾਦ (ਕਸ਼ਮੀਰ, ਹੁਣ ਪਾਕਿਸਤਾਨ) ਦਾ ਵਸਨੀਕ ਤੇ ਗੁਜਰਾਤ, (ਕਾਠੀਆਵਾੜ) ਇਲਾਕੇ ਦੇ ਪ੍ਰਚਾਰਕ ਸੀ, ਆਪਣੇ ਸਾਥੀਆਂ ਸਮੇਤ ਗੁਰੂ ਸਾਹਿਬ ਨੂੰ ਮਿਲਣ ਬਕਾਲੇ ਪਹੁੰਚੇ। ਆਉਂਦਿਆਂ ਹੀ ਉਸਨੂੰ ਧੀਰਮੱਲ ਦੇ ਸਾਥੀ ਪ੍ਰੇਰ ਕੇ ਧੀਰਮਲ ਕੋਲ ਲੈ ਗਏ ਪਰ ਪਤਾ ਲਗਣ 'ਤੇ ਕਿ ਇਹ ਗੁਰੂ ਤੇਗ ਬਹਾਦਰ ਸਾਹਿਬ ਜੀ ਨਹੀਂ ਹਨ, ਉਹ ਗੁਰੂ ਤੇਗ ਬਹਾਦਰ ਸਾਹਿਬ ਕੋਲ ਪਹੁੰਚਿਆ। ਭਾਈ ਮੱਖਣ ਸ਼ਾਹ ਨੇ, ਜਿਸਦੇ ਨਾਲ ਉਸਦੇ ਹਥਿਆਰਬੰਦ ਬੰਦੇ ਵੀ ਸਨ, ਡੱਟ ਕੇ ਪਾਖੰਡੀਆਂ ਦਾ ਵਿਰੋਧ ਕੀਤਾ ਤੇ ਸੱਚੇ ਗੁਰੂ ਦੇ ਲੜ ਲਗਣ ਦੀ ਐਸੀ ਦੋਹੀ ਫੇਰੀ ਕਿ ਧੀਰ ਮਲ ਨੂੰ ਬਕਾਲਾ ਛੱਡ ਕੇ ਨੱਸਣਾ ਪਿਆ। ਧੀਰਮਲ ਨੇ ਜਾਂਦਿਆ ਹੋਇਆਂ ਸ਼ੀਹੇ ਮਸੰਦ ਨੂੰ ਲਾਲਚ ਦੇ ਕੇ, ਗੁਰੂ ਤੇਗ ਬਹਾਦਰ ਸਾਹਿਬ ਤੇ ਗੋਲੀ ਚਲਵਾਈ, ਪਰ ਗੁਰੂ ਜੀ ਵਾਲ-ਵਾਲ ਬਚ ਗਏ। ਜਦੋਂ ਮੱਖਣ ਸ਼ਾਹ ਨੂੰ ਪਤਾ ਲੱਗਾ, ਤਾਂ ਸਿੱਖਾਂ ਨੂੰ ਨਾਲ ਲੈ ਕੇ ਧੀਰ ਮੱਲ ਦਾ ਪਿੱਛਾ ਕੀਤਾ। ਉਹਨਾਂ ਧੀਰ ਮੱਲ ਤੇ ਉਸ ਦੇ ਸਾਥੀਆਂ ਨੂੰ ਫੜ ਲਿਆਂਦਾ, ਤੇ ਉਸ ਵਲੋਂ ਖਿਮਾ ਜਾਚਨਾ ਕਰਨ ਤੇ ਗੁਰੂ ਸਾਹਿਬ ਨੇ ਉਸ ਦੀ ਵਧੀਕੀ ਨੂੰ ਨਜ਼ਰ ਅੰਦਾਜ਼ ਕਰਕੇ ਮੁਆਫੀ ਦੇ ਦਿੱਤੀ।

ਗੁਰਮਤਿ ਸਦੇਸ਼ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਸਾਹਿਬ ਮੁਖੀ ਸਿੱਖਾਂ ਅਤੇ ਮੱਖਣ ਸ਼ਾਹ ਸਮੇਤ 8 ਦਸੰਬਰ 1664 ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ।ਪੁਜਾਰੀਆਂ (ਮੀਣਿਆਂ ਭਾਵ ਪ੍ਰਿਥੀ ਚੰਦ ਦਾ ਪੋਤਰਾ ਹਰਿ ਜੀ ਤੇ ਉਸਦੇ ਸੰਗੀ-ਸਾਥੀਆਂ) ਨੇ ਸੋਚਿਆ, ਜੇ ਗੁਰੂ ਜੀ ਇੱਥੇ ਟਿਕ ਗਏ ਤਾਂ ਸਾਡੀ ਰੋਜ਼ੀ ਰੋਟੀ ਬੰਦ ਹੋ ਜਾਵੇਗੀ। ਉਹ ਦਰਵਾਜ਼ੇ ਬੰਦ ਕਰਕੇ ਚਲੇ ਗਏ। ਗੁਰੂ ਜੀ ਬਾਹਰ ਥੜ੍ਹੇ ਤੇ ਬੈਠੇ ਉਡੀਕ ਕਰਦੇ ਰਹੇ, ਜਿਥੇ ਅੱਜ ਕਲ੍ਹ ਗੁਰਦੁਆਰਾ ਥੜ੍ਹਾ ਸਾਹਿਬ ਹੈ। ਕਾਫ਼ੀ ਸਮਾਂ ਉਡੀਕਣ ਤੇ ਵੀ ਜਦੋਂ ਪੁਜਾਰੀ ਨਾ ਆਏ ਤਾਂ ਆਪ ਪਿੰਡ 'ਵੱਲੇ' ਵੱਲ ਚਲ ਪਏ। ਪਿੰਡ 'ਵੱਲੇ' ਦੀ ਸੰਗਤ ਨੇ ਖੂਬ ਸੇਵਾ ਕੀਤੀ। ਮਗਰੋਂ ਜਦੋਂ ਪੁਜਾਰੀ ਆਏ ਤਾਂ ਭਾਈ ਮੱਖਣ ਸ਼ਾਹ ਨੇ ਉਹਨਾਂ ਦੀ ਚੰਗੀ ਝਾੜ-ਝੰਭ ਕੀਤੀ ਤੇ ਉਨ੍ਹਾਂ ਨੂੰ ਗਲਤੀ ਦਾ ਅਹਿਸਾਸ ਕਰਾਇਆ। ਫਿਰ ਪੁਜਾਰੀ ਭਾਈ ਮੱਖਣ ਸ਼ਾਹ ਨਾਲ ਗੁਰੂ ਜੀ ਕੋਲ ਪਿੰਡ ਵੱਲੇ ਪਹੁੰਚੇ। ਗੁਰੂ ਜੀ ਨੇ

ਕਿਹਾ ਕਿ ਤੁਸੀਂ ਗੁਰਦੁਆਰਿਆਂ ਦੇ ਸੇਵਾਦਾਰ (ਮਸੰਦ) ਨਹੀਂ ਰਹੇ, 31 ਸਾਲ ਹੋ ਗਏ ਹਨ, ਤੁਹਾਨੂੰ ਅਣ-ਕਮਾਇਆ ਧਨ ਖਾਂਦਿਆਂ, ਤੁਸੀਂ ਇਸ ਧਨ ਨੂੰ ਛੱਡਣਾ ਨਹੀਂ ਚਾਹੁੰਦੇ, ਇਸ ਲਈ ਤੁਸੀਂ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੇ ਹੋ। ਗੁਰੂ ਸਾਹਿਬ ਪਿੰਡ 'ਵੱਲੇ' ਤੋਂ ਪੰਜਾਬ ਅਤੇ ਮੌਜੂਦਾ ਹਰਿਆਣਾ ਦਾ ਇੱਕ ਪ੍ਰਭਾਵਸ਼ਾਲੀ ਦੌਰਾ ਕੀਤਾ ਜਿਸ 'ਤੇ ਦਿੱਲੀ ਹਕੂਮਤ ਘਬਰਾ ਗਈ ਅਤੇ ਕਾਜ਼ੀ ਮੋਲਾਣਿਆਂ ਦੀ ਚੁੱਕ ਵਿੱਚ ਆ ਕੇ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਦਿੱਲੀ ਬੁਲਾਇਆ। ਗੁਰੂ ਸਾਹਿਬ ਨੇ ਸ਼ਾਹੀ ਫੁਮਾਨ ਦੀ ਪਰਵਾਹ ਨਾ ਕੀਤੀ। ਇਸ ਪੁਰ ਹਕੂਮਤ ਨੇ ਆਪਣੇ ਅਹਿਲਕਾਰਾਂ ਨੂੰ ਗੁਰੂ ਸਾਹਿਬ ਨੂੰ ਹਿਰਾਸਤ ਵਿੱਚ ਲੈ ਕੇ ਦਿੱਲੀ ਵਿਖੇ ਲਿਆਉਣ ਦਾ ਹੁਕਮ ਕੀਤਾ। ਦਿੱਲੀ ਵਿਖੇ ਔਰੰਗਜ਼ੇਬ ਦੇ ਸਿਪਹ-ਸਲਾਰ ਮਿਰਜਾ ਰਾਜਾ ਜੈ ਸਿੰਘ ਦੇ ਵਿੱਚ ਪੈਣ ਨਾਲ ਗੁਰੂ ਸਾਹਿਬ ਨੂੰ ਵਾਪਿਸ ਪੰਜਾਬ ਜਾਣ ਲਈ ਹਕੂਮਤ ਮੰਨ ਗਈ।

ਕਹਿਲੂਰ ਦੇ ਰਾਜੇ ਪਾਸੋਂ ਮੀਆਂਪੁਰ, ਸਹੋਟਾ ਤੇ ਲੋਧੀਪੁਰ ਪਿੰਡਾਂ ਦੀ ਕੁਝ ਜ਼ਮੀਨ ਮੁੱਲ ਲੈ ਕੇ 5 ਜੁਲਾਈ 1665 ਵਿਚ ਅਨੰਦਪੁਰ ਸਾਹਿਬ ਵਸਾਇਆ।

ਉਨ੍ਹੀ ਦਿਨੀ ਹਿੰਦੋਸਤਾਨ ਦਾ ਬਾਦਸ਼ਾਹ ਔਰੰਗਜ਼ੇਬ ਸੀ। ਉਸ ਨੇ ਹਿੰਦੂ ਧਰਮ ਨੂੰ ਖ਼ਤਮ ਕਰਨ ਲਈ ਕਈ ਨਵੇਂ ਫੁਰਮਾਨ ਜਾਰੀ ਕੀਤੇ, ਜਿਹਾ ਕਿ ਹਿੰਦੂ ਮੰਦਰ ਢਾਹੇ ਜਾਣੇ, ਸਿਵਾਏ ਮੁਸਲਮਾਨਾਂ ਤੇ ਰਾਜਪੂਤਾਂ ਦੇ (ਰਾਜਪੂਤ, ਮੁਗ਼ਲਾਂ ਦੀ ਈਨ ਅਕਬਰ ਬਾਦਸ਼ਾਹ ਵੇਲੇ ਮੰਨ ਚੁੱਕੇ ਸਨ) ਕੋਈ ਪਗੜੀ, ਫੌਜ, ਬਾਜ਼, ਤਾਜ਼, ਨਗਾਰਾ, ਸ਼ਸਤਰ ਆਦਿ ਨਹੀਂ ਰੱਖ ਸਕਦਾ, ਜੇ ਕਿਸੇ ਨੇ ਮਾਸ ਵੀ ਖਾਣਾ ਹੈ ਤਾਂ ਉਹ ਮੁਸਲਮਾਨ ਕੋਲੋਂ ਜਾ ਕੇ ਹਲਾਲ ਕਰਵਾ ਕੇ ਖਾਏਗਾ। ਕੋਈ ਮੁਸਲਮਾਨ ਆਪਣਾ ਧਰਮ ਤਬਦੀਲ ਨਹੀਂ ਕਰੇਗਾ। ਧਰਮ ਤਬਦੀਲ ਕਰਨ ਅਤੇ ਕਰਵਾਉਣ ਵਾਲੇ ਨੂੰ ਸਜ਼ਾ ਦਿੱਤੀ ਜਾਵੇਗੀ। ਜਜ਼ੀਆ ਟੈਕਸ ਵੀ ਹਿੰਦੂਆਂ ਪਰ ਲਾਇਆ ਗਿਆ, ਜਿਸ ਕਰਕੇ ਸਾਰੇ ਹਿੰਦੋਸਤਾਨ ਵਿਚ ਸਹਿਮ ਫੈਲ ਗਿਆ। ਬੰਗਾਲ ਦੇ ਗਵਰਨਰ ਨੇ ਤਾਂ ਗੁਰਦੁਆਰੇ ਵੀ ਢਾਹੇ, ਜਿਸ ਕਰਕੇ ਗੁਰੂ ਸਾਹਿਬ ਨੇ ਲੋਕਾਂ ਅੰਦਰ ਸਹਿਮ ਖ਼ਤਮ ਕਰਨ ਲਈ ਅਤੇ ਅਣਖ ਦੀ ਜ਼ਿੰਦਗੀ ਜੀਊਣ ਦੀ ਪ੍ਰੇਰਨਾ ਦੇਣ ਲਈ ਪੂਰਬੀ ਹਿੰਦੋਸਤਾਨ ਦਾ ਦੌਰਾ ਆਰੰਭ ਕੀਤਾ।

ਗੁਰੂ ਤੇਗ ਬਹਾਦਰ ਸਾਹਿਬ ਵਹੀਰ ਸਮੇਤ ਅਨੰਦਪੁਰ ਸਾਹਿਬ ਤੋਂ ਚਲ ਕੇ ਰੋਪੜ, ਬਨੂੜ, ਰਾਜਪੁਰਾ ਆਦਿ ਇਲਾਕਿਆਂ ਦੇ ਪਿੰਡਾਂ ਕਸਬਿਆਂ ਵਿਖੇ ਪ੍ਰਚਾਰ ਕਰਦੇ ਹੋਏ ਸੈਫਾਬਾਦ ਪੁੱਜੇ। ਨਵਾਬ ਸੈਫ ਖਾਨ ਜੋ ਇਸ ਇਲਾਕੇ ਦਾ ਮਾਲਕ ਸੀ ਔਰੰਗਜ਼ੇਬ ਦਾ ਬਹੁਤ ਨਜ਼ਦੀਕੀ ਸੀ ਅਤੇ ਗੁਰੂ ਰ ਦਾ ਸ਼ਰਧਾਲੂ ਸੀ, ਨੇ ਬੜੇ ਸਤਿਕਾਰ ਅਤੇ ਅਧੀਨਗੀ ਨਾਲ ਗੁਰੂ ਸਾਹਿਬ ਜੀ ਨੂੰ ਸੈਫਾਬਾਦ ਵਿਖੇ ਠਹਿਰਣ ਲਈ ਬੇਨਤੀ ਕੀਤੀ। ਇਸ ਸਮੇਂ ਬਹੁਤ ਸਾਰੇ ਹੋਰ ਮੁਸਲਮਾਨ ਵੀ ਸਿੱਖੀ ਵਿੱਚ ਪ੍ਰਵੇਸ਼ ਹੋਏ ਉਹਨਾਂ ਵਿਚੋਂ ਸਮਾਣੇ ਦਾ ਚੌਧਰੀ ਮੁਹੰਮਦ ਬਖਸ਼ ਵੀ ਸੀ। ਗੁਰੂ ਸਾਹਿਬ ਜੀ ਨੇ ਸੈਫ ਖਾਨ ਦੀ ਸ਼ਰਧਾ ਰਖਦਿਆਂ ਸੈਫਾਬਾਦ ਨੂੰ ਬਹਾਦਰਗੜ ਦਾ ਨਾਂ ਦਿੱਤਾ । ਇੱਥੋਂ ਮਾਲਵਾ,ਬਾਂਗਰ ਦੇਸ਼ ਤੋਂ (ਕੁਰਕਸ਼ੇਤਰ, ਕਰਨਾਲ, ਰੋਹਤਕ, ਹਿਸਾਰ) ਹੁੰਦੇ ਹੋਏ, ਮਥੁਰਾ, ਆਗਰਾ, ਕਾਨਪੁਰ,

ਇਲਾਹਾਬਾਦ ਪ੍ਰਯਾਗ, ਕਾਸ਼ੀ ਆਦਿ ਹਿੰਦੂ ਤੀਰਥਾਂ ਤੇ ਗਏ ਤੇ ਉਥੇ ਇਕੱਠੇ ਹੋਏ ਲੋਕਾਂ ਨੂੰ ਗੁਰਮਤਿ ਦ੍ਰਿੜ ਕਰਵਾਈ ਤੇ ਸੱਚਾ ਤੀਰਥ ਸਤਿ ਸੰਗਤ ਨੂੰ ਹੀ ਦੱਸਿਆ। ਫਿਰ ਗਯਾ ਤੋਂ ਪਟਨੇ ਗਏ, ਇਥੇ ਭਾਈ ਜੈਤਾ ਹਲਵਾਈ ਦੇ ਪਾਸ ਸਾਰੇ ਪਰਿਵਾਰ ਨੂੰ ਛੱਡਿਆ (ਬਾਦ ਵਿਚ ਇਸ ਥਾਂ ਤੇ ਹੀ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਦਾ ਪ੍ਰਕਾਸ਼ ਹੋਇਆ) ਪਟਨੇ ਤੋਂ ਰਾਜਮਹਿਲ, ਮਾਲਦਾ, ਮੁਰਸ਼ਿਦਾਬਾਦ ਹੁੰਦੇ ਹੋਏ ਢਾਕੇ ਪਹੁੰਚੇ। ਢਾਕੇ ਤੋਂ ਆਸਾਮ ਪੁਜੇ, ਜਿਥੇ ਕਿ ਆਪ ਦੋ ਸਾਲ ਪ੍ਰਚਾਰ ਕਰਦੇ ਰਹੇ। ਅਸਾਮ ਵਿਚ ਆਪ ਜੀ ਨੇ ਰਾਜਾ ਰਾਮ ਸਿੰਘ ਤੇ ਅਹੋਮੀ ਕਬੀਲੇ ਦੇ ਸਰਦਾਰ ਰਾਜਾ ਚੱਕ੍ਰ ਧ੍ਵਜ ਦੀ ਸੁਲਾਹ ਕਰਵਾਈ ਤੇ ਦੋਹਾਂ ਪਾਸਿਉਂ ਖ਼ੂਨ ਡੁੱਲਣੋਂ ਬਚਾਇਆ। ਆਸਾਮ ਤੋਂ ਆਪ ਜੀ ਨੇ ਵਾਪਸ ਪੰਜਾਬ ਵੱਲ ਪਰਤਨ ਦਾ ਪ੍ਰੋਗਰਾਮ ਉਲੀਕਿਆ, ਕਿਉਂਕਿ ਲੋਕ, ਔਰੰਗਜ਼ੇਬ ਦੇ ਨਵੇਂ ਹੁਕਮਾਂ ਅਨੁਸਾਰ ਹੋ ਰਹੇ ਜ਼ੁਲਮਾਂ ਕਾਰਨ ਕੁਰਲਾ ਰਹੇ ਸਨ। ਔਰੰਗਜ਼ੇਬ ਨੇ ਹਿੰਦੂਆਂ ਤੇ ਸਖ਼ਤੀ ਆਰੰਭ ਕਰ ਦਿੱਤੀ ਸੀ ਅਤੇ ਪਾਠਸ਼ਾਲਾ ਤੇ ਮੰਦਰ ਢਾਹ ਦੇਣ ਦਾ ਐਲਾਨ ਕਰ ਦਿੱਤਾ ਸੀ।

ਗੁਰੂ ਜੀ ਪਟਨੇ ਆਏ। ਥੋੜ੍ਹਾ ਸਮਾਂ ਟਿਕ ਕੇ ਪਰਿਵਾਰ ਤੇ ਸਹਿਬਜ਼ਾਦੇ ਨੂੰ ਮਿਲ ਕੇ ਬਕਸਰ, ਬਨਾਰਸ ਅਯੁਧਿਆ ਆਦਿ ਹੁੰਦੇ ਹੋਏ, ਸੰਨ 1670 ਵਿਚ ਅਨੰਦਪੁਰ ਪੁੱਜ ਗਏ। ਥੋੜੇ ਚਿਰ ਪਿਛੋਂ ਪਰਿਵਾਰ ਨੂੰ ਵੀ ਪਟਨੇ ਤੋਂ ਅਨੰਦਪੁਰ ਸਾਹਿਬ ਮੰਗਵਾ ਲਿਆ।

ਪੂਰੇ ਹਿੰਦੋਸਤਾਨ ਤੇ ਔਰੰਗਜ਼ੇਬ ਦੀ ਨਵੀਂ ਪਾਲਿਸੀ ਦਾ ਅਸਰ ਪਿਆ, ਹਰ ਥਾਂ ਹਾਹਾਕਾਰ ਮੱਚ ਗਈ। ਗੁਰੂ ਤੇਗ ਬਹਾਦਰ ਸਾਹਿਬ ਨੇ ਅਨੰਦਪੁਰ ਵਿਖੇ ਬਾਲ (ਗੁਰੂ) ਗੋਬਿੰਦ ਸਿੰਘ ਜੀ ਨੂੰ ਆਉਂਦੇ ਖ਼ਤਰਿਆਂ ਤੇ ਹਾਲਾਤਾਂ ਤੋਂ ਜਾਣੂ ਕਰਵਾਇਆ ਯੋਗ ਤਿਆਰੀ ਲਈ ਪ੍ਰਬੰਧ ਕੀਤਾ। ਕਸ਼ਮੀਰ ਤੋਂ ਸ਼ੇਰ ਇਤਫ਼ਾਨ ਖ਼ਾਨ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਤਾਂ ਨੂੰ ਮੁਸਲਮਾਨ ਬਣਾ ਰਿਹਾ ਸੀ। ਕਸ਼ਮੀਰੀ ਪੰਡਤ ਮਟਨ ਨਿਵਾਸੀ ਭਾਈ ਕਿਰਪਾ ਰਾਮ ਜੀ, ਜਿਸ ਦਾ ਪਰਿਵਾਰ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਸਿੱਖੀ ਦਾ ਪ੍ਰਚਾਰ ਕਰ ਰਿਹਾ ਸੀ, ਨੂੰ ਨਾਲ ਲੈ ਕੇ ਗੁਰੂ ਜੀ ਕੋਲ ਆ ਕੇ ਫ਼ਰਿਆਦੀ ਹੋਏ ਤੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਤੰਗ ਆ ਕੇ ਸਹਾਇਤਾ ਲਈ ਤਰਲਾ ਲਿਆ। ਗੁਰੂ ਸਾਹਿਬ ਜੀ ਨੇ ਪੰਡਿਤਾਂ ਨੂੰ ਹੌਂਸਲਾ ਦਿੱਤਾ ਤੇ ਜ਼ੁਲਮ ਵਿਰੁੱਧ ਡੱਟ ਜਾਣ ਦੀ ਪ੍ਰੇਰਨਾ ਦਿੱਤੀ। ਗੁਰੂ ਸਾਹਿਬ ਨੇ ਸਮਝਾਇਆ ਕਿ ਕਾਇਰ ਬਣਨ ਦੀ ਲੋੜ ਨਹੀਂ, ਬਲਵਾਨ ਬਣੋ ਅਤੇ ਮੌਤ ਦਾ ਭੈ ਤਿਆਗ ਕੇ ਆਪਣੇ ਹੱਕਾਂ ਦੀ ਰਾਖੀ ਕਰੋ, ਨਾਲ ਹੀ ਉਨ੍ਹਾਂ ਨੂੰ ਜ਼ੁਲਮ ਤੋਂ ਬਚਾਉਣ ਲਈ ਆਪ ਅਗਵਾਈ ਕਰਨ ਦਾ ਭਰੋਸਾ ਦਿਤਾ। ਕਸ਼ਮੀਰੀ ਪੰਡਿਤਾਂ ਨੇ ਹਕੂਮਤ ਤੱਕ ਇਹ ਸੁਨੇਹਾ ਭੇਜਿਆ ਕਿ ਅਸੀਂ ਗੁਰੂ ਸਾਹਿਬ ਦੀ ਸ਼ਰਨ 'ਚ ਹਾਂ ਅਤੇ ਉਹ ਸਾਡੇ ਆਗੂ ਹਨ। ਤੁਸੀਂ ਸਾਨੂੰ ਆਪਣੇ ਦੀਨ ਵਿਚ ਸ਼ਾਮਿਲ ਕਰਨ ਬਾਰੇ ਉਹਨਾਂ ਨਾਲ ਗੱਲ ਕਰੋ, ਅਸੀਂ ਉਨ੍ਹਾਂ ਦੇ ਹੁਕਮ ਅਨੁਸਾਰ ਚਲਾਂਗੇ।

ਔਰੰਗਜ਼ੇਬ ਪਾਸ ਸਾਰੀਆਂ ਖਬਰਾਂ ਪਹੁੰਚ ਰਹੀਆਂ ਸਨ। ਔਰੰਗਜ਼ੇਬ ਉਹਨਾਂ ਦਿਨੀ ਹਸਨ ਅਬਦਾਲ (ਪੰਜਾ ਸਾਹਿਬ) ਵਿਖੇ ਗਿਆ ਹੋਇਆ ਸੀ। ਉਸਨੇ

ਅਹਿਲਕਾਰਾਂ ਨੂੰ ਸੁਨੇਹਾ ਭੇਜਿਆ ਕਿ ਗੁਰੂ ਤੇਗ ਬਹਾਦਰ ਨੂੰ ਦੀਨ ਵਿਚ ਲਿਆਉਣ ਲਈ ਕੋਸ਼ਿਸ਼ਾਂ ਕਰੋ ਜੇ ਨਾ ਮੰਨਣ ਤਾਂ ਸ਼ਹੀਦ ਕਰ ਦਿੱਤੇ ਜਾਣ। ਦਿੱਲੀ ਵਿਚ ਅਹਿਲਕਾਰਾਂ ਤੇ ਕਾਜ਼ੀਆਂ ਨੇ ਅਜਿਹਾ ਹੀ ਕੀਤਾ। ਗੁਰੂ ਜੀ ਨੂੰ ਹਿਰਾਸਤ ਵਿਚ ਲੈ ਲਿਆ ਤੇ ਦਿੱਲੀ ਲਿਆਂਦਾ ਗਿਆ। ਗੁਰੂ ਜੀ ਦੇ ਨਾਲ ਉਸ ਸਮੇਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਮੁਖੀ ਗੁਰਸਿੱਖ ਸਨ।

ਦਿੱਲੀ ਵਿਚ ਕਾਜ਼ੀਆਂ ਨਾਲ ਧਾਰਮਿਕ ਬਹਿਸ ਹੋਈ ਜਿਸ ਵਿਚ ਕਾਜ਼ੀ ਗੁਰੂ ਸਾਹਿਬ ਦੀ ਤਾਬ ਨਹੀਂ ਝੱਲ ਸਕੇ, ਤਾਂ ਦੋ ਟੁੱਕ ਗੱਲ ਮੁਕਾਉਣ ਲਈ ਗੁਰੂ ਸਾਹਿਬ ਨੂੰ ਪਹਿਲੀ ਗੱਲ ਇਹ ਕਹੀ ਕਿ ਉਹ ਇਸਲਾਮ ਧਰਮ ਕਬੂਲ ਕਰ ਲੈਣ ਜੇ ਇਹ ਨਹੀ ਕਰਦੇ ਤਾਂ ਕੋਈ ਕਰਾਮਾਤ ਵਿਖਾਉਣ, ਜੇ ਕਰਾਮਾਤ ਨਹੀਂ ਵਿਖਾਉਂਦੇ ਤਾਂ ਸੀਸ ਦੇਣ ਲਈ ਤਿਆਰ ਹੋ ਜਾਣ। ਗੁਰੂ ਜੀ ਨੇ ਕਿਹਾ ਕਿ ਧਰਮ ਛੱਡਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਤੇ ਕਰਾਮਾਤ 'ਤੇ ਸਾਡਾ ਵਿਸ਼ਵਾਸ ਨਹੀਂ ਹੈ। ਸੀਸ ਦੇਣ ਲਈ ਹੀ ਅਸੀਂ ਆਏ ਹਾਂ। ਆਖਿਰ ਹਕੂਮਤ ਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਫਤਵਾ ਦੇ ਦਿੱਤਾ।

24 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਡਰਾਉਣ ਦੀ ਖਾਤਰ ਪਹਿਲਾਂ ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲੇ ਦੇ ਕੇ ਸ਼ਹੀਦ ਕੀਤਾ ਗਿਆ। ਫਿਰ ਭਾਈ ਮਤੀ ਦਾਸ ਜੀ ਨੂੰ ਉਹਨਾਂ ਦੇ ਸਾਹਮਣੇ ਆਰੇ ਨਾਲ ਚੀਰ ਕੇ ਦੋ ਫਾੜ ਕੀਤਾ। ਭਾਈ ਮਤੀ ਦਾਸ ਜੀ ਦੀ ਸ਼ਹੀਦੀ ਦਿੱਲੀ ਚਾਂਦਨੀ ਚੌਂਕ ਵਿਚ ਫੁਹਾਰਾ ਚੌਂਕ ਤੇ ਕੀਤੀ ਗਈ। ਮਗਰੋਂ ਭਾਈ ਸਤੀ ਦਾਸ ਜੀ ਨੂੰ ਸ਼ਹੀਦ ਕਰਨ ਲਈ ਰੂੰ ਵਿਚ ਲਪੇਟ ਕੇ ਅੱਗ ਲਾ ਕੇ ਜ਼ਿੰਦਾ ਸਾੜ ਦਿੱਤਾ ਗਿਆ। ਉਪਰੰਤ ਗੁਰੂ ਤੇਗ ਬਹਾਦਰ ਸਾਹਿਬ 11 ਨਵੰਬਰ ਸੰਨ 1675 ਨੂੰ ਚਾਂਦਨੀ ਚੌਂਕ ਵਿਚ ਜਲਾਲੁਦੀਨ ਸਮਾਣੇ ਵਾਲੇ ਜੱਲਾਦ ਦੀ ਤਲਵਾਰ ਨਾਲ ਸ਼ਹੀਦ ਕਰਵਾਇਆ ਗਿਆ। ਜਿਸ ਥਾਂ ਇਹ ਸ਼ਹਾਦਤ ਹੋਈ ਉਸ ਥਾਂ ਅੱਜ ਕੱਲ੍ਹ ਗੁਰਦੁਆਰਾ ਸੀਸ ਗੰਜ ਹੈ।

ਭਾਈ ਜੈਤਾ ਜੀ ਤੇ ਭਾਈ ਊਦਾ ਜੀ ਨੇ ਭਾਈ ਲੱਖੀ ਸ਼ਾਹ ਵਣਜਾਰੇ, ਭਾਈ ਨਾਨੂੰ ਮੱਲ, ਮੱਖਣ ਸ਼ਾਹ ਲੁਬਾਣਾ ਆਦਿ ਨਾਲ ਸਲਾਹ ਮਸ਼ਵਰਾ ਕਰਕੇ ਗੁਰੂ ਜੀ ਦਾ ਧੜ ਤੇ ਸੀਸ ਸੰਭਾਲਣ ਬਾਰੇ ਵਿਉਂਤ ਬਣਾਈ। ਭਾਈ ਲੱਖੀ ਸ਼ਾਹ ਗੱਡੇ ਲੈ ਕੇ ਲਾਲ ਕਿਲੇ ਵਿਚ ਚੂਨਾ ਕਲੀ ਸੁੱਟ ਕੇ ਚਾਂਦਨੀ ਚੌਂਕ ਵਿਚੋਂ ਲੰਘਿਆ। ਮਿਥੇ ਪ੍ਰੋਗਰਾਮ ਅਨੁਸਾਰ ਭਾਈ ਉਦੈ ਨੇ ਜੋ ਮੁਸਲਮਾਨੀ ਭੇਸ ਵਿਚ ਸੀ, ਸਤਿਗੁਰੂ ਜੀ ਦਾ ਧੜ, ਗੱਡੇ ਵਿਚ ਰੱਖ ਲਿਆ, ਪੰਜ ਕਿਲੋਮੀਟਰ ਜਾ ਕੇ ਪਿੰਡ ਰਕਾਬ ਗੰਜ ਵਿਖੇ ਭਾਈ ਲੱਖੀ ਸ਼ਾਹ ਨੇ ਆਪਣੇ ਘਰ ਨੂੰ ਅੱਗ ਲਾ ਕੇ ਧੜ ਦਾ ਸਸਕਾਰ ਕਰ ਦਿੱਤਾ। ਜਿਥੇ ਅੱਜ ਕਲ੍ਹ ਗੁਰਦੁਆਰਾ ਰਕਾਬ ਗੰਜ ਹੈ।

ਉਧਰ ਭਾਈ ਜੈਤਾ ਜੀ ਅਤੇ ਭਾਈ ਨਾਨੂ ਜੀ ਸੀਸ ਦੀ ਸੰਭਾਲ ਲਈ ਤਿਆਰ ਸਨ। ਉਨ੍ਹਾਂ ਨੇ ਮੌਕਾ ਲੱਗਣ ਤੇ ਗੁਰੂ ਜੀ ਦਾ ਪਵਿਤਰ ਸੀਸ ਚੁੱਕਿਆ। ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਵਲ ਚੱਲ ਪਏ। ਭਾਈ ਆਗਿਆ,

ਭਾਈ ਊਦਾ ਤੇ ਨਾਨੂੰ ਜੀ ਵੀ ਰਸਤੇ ਵਿਚ ਮਿਲ ਗਏ। ਚਾਰੇ ਸਿੱਖ ਸੀਸ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੇ। ਗੁਰੂ ਜੀ ਨੇ ਗਲ ਨਾਲ ਲਾਇਆ ਤੇ ਭਾਈ ਜੈਤਾ ਜੀ ਤੇ ਊਦਾ ਜੀ ਨੂੰ "ਰੰਘਰੇਟੇ ਗੁਰੂ ਕੇ ਬੇਟੇ" ਕਹਿ ਕੇ ਸਨਮਾਨਿਆ ਅਤੇ ਬਾਕੀ ਗੁਰਸਿੱਖਾਂ ਨੂੰ ਵੀ ਅਸੀਸਾਂ ਬਖਸ਼ੀਆਂ। ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉੱਥੇ ਅੱਜ ਕਲ੍ਹ ਗੁਰਦੁਆਰਾ ਸੀਸ ਗੰਜ (ਅਨੰਦਪੁਰ ਸਾਹਿਬ) ਸ਼ਸ਼ੋਭਿਤ ਹੈ।

2. ਭਾਈ ਦਿਆਲਾ ਜੀ

ਭਾਈ ਦਿਆਲਾ ਜੀ, ਭਾਈ ਮਾਈ ਦਾਸ ਜੀ ਦੇ ਪੁੱਤਰ, ਤੇ ਭਾਈ ਬਲੂ ਜੀ ਦੇ ਪੋਤਰੇ ਸਨ। ਭਾਈ ਬਲੂ ਜੀ ਛੇਵੇਂ ਪਾਤਸ਼ਾਹ ਦੇ ਸੂਰਬੀਰ ਸੇਵਕ ਸਨ ਅਤੇ ਅਪ੍ਰੈਲ 1635 ਈ: ਨੂੰ ਸ਼ਾਹੀ ਫੌਜਾਂ ਨਾਲ ਚੌਥੀ ਜੰਗ 'ਚ ਲੜਦੇ ਹੋਏ ਸ਼ਹੀਦ ਹੋਏ ਸਨ। ਭਾਈ ਬਲੂ ਜੀ ਦੇ ਪਿਤਾ ਭਾਈ ਮੂਲਾ ਜੀ ਪਿੰਡ ਅਲੀਪੁਰ ਜ਼ਿਲਾ ਮੁਜ਼ਫਰਗੜ੍ਹ (ਹੁਣ ਪਾਕਿਸਤਾਨ) ਦੇ ਵਸਨੀਕ ਸਨ। ਭਾਈ ਬਲੂ ਜੀ ਦੇ ਸਪੁੱਤਰ ਭਾਈ ਮਾਈ ਦਾਸ ਜੀ ਆਪਣਾ ਪਿੰਡ ਅਲੀਪੁਰ ਛੱਡ ਕੇ 1657 ਵਿਚ ਕੀਰਤਪੁਰ ਸਾਹਿਬ ਆ ਵੱਸੇ। ਉਹਨਾਂ ਦੇ 12 ਸਪੁੱਤਰ ਹੋਏ ਜਿਨ੍ਹਾਂ 'ਚੋਂ ਇਕ ਭਾਈ ਅਮਰਚੰਦ ਨੂੰ ਛੱਡ ਕੇ, (ਜੋ ਛੋਟੀ ਉਮਰੇ ਗੁਰਪੁਰੀ ਸਿਧਾਰ ਗਏ) ਬਾਕੀ ਦੇ 11 ਸਪੁੱਤਰ ਸ਼ਹੀਦ ਹੋਏ ਸਨ। (1) ਭਾਈ ਜੇਠਾ ਸਿੰਘ (2) ਭਾਈ ਦਿਆਲ ਦਾਸ (3) ਭਾਈ ਮਨੀ ਸਿੰਘ (4) ਭਾਈ ਦਾਨ ਸਿੰਘ (5) ਭਾਈ ਮਾਨ ਸਿੰਘ (6) ਭਾਈ ਰੂਪ ਸਿੰਘ (7) ਭਾਈ ਜਗਤ ਸਿੰਘ (8) ਭਾਈ ਸੋਹਨ ਚੰਦ (9) ਭਾਈ ਲਹਿਣਾ (10) ਭਾਈ ਰਾਏ ਸਿੰਘ (11) ਭਾਈ ਹਰੀ ਚੰਦ।

ਜਦੋਂ ਗੁਰੂ ਤੇਗ ਬਹਾਦਰ ਸਾਹਿਬ 1665 ਵਿਚ ਪੂਰਬ ਦੇਸ਼ ਦੇ ਪ੍ਰਚਾਰ ਦੌਰੇ ਲਈ ਗਏ ਤਾਂ ਭਾਈ ਦਿਆਲਾ ਜੀ ਨਾਲ ਸਨ। ਪਟਨਾ ਸਾਹਿਬ ਆਪਣੇ ਪਰਿਵਾਰ ਤੇ ਭਾਈ ਦਿਆਲਾ ਜੀ ਨੂੰ ਛੱਡ ਕੇ ਅਗੇ ਆਸਾਮ ਵੱਲ ਗਏ। ਇਥੋਂ ਹੀ (ਗੁਰੂ) ਗੋਬਿੰਦ ਰਾਏ (ਸਿੰਘ) ਜੀ ਦੇ ਪ੍ਰਕਾਸ਼ ਦੀ ਖ਼ਬਰ ਭਾਈ ਦਿਆਲਾ ਜੀ ਨੇ ਭਾਈ ਮਿਹਰ ਚੰਦ ਤੇ ਭਾਈ ਕਲਿਆਣ ਚੰਦ ਹੱਥੀਂ ਢਾਕੇ ਘੱਲੀ।

ਕਸ਼ਮੀਰ ਦਾ ਗਵਰਨਰ ਔਰੰਗਜ਼ੇਬ ਦੇ ਹੁਕਮ ਨਾਲ ਜ਼ਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਬਣਾਉਣ 'ਤੇ ਤੁਲ ਗਿਆ ਤਾਂ ਕਸ਼ਮੀਰ ਦੇ ਪੰਡਤ ਜਦੋਂ ਸਾਰੇ ਹੀਲੇ – ਪਾਠ ਪੂਜਾ, ਹਵਨ, ਯਗ, ਦੇਵੀ ਦੇਵਤਿਆਂ ਦੀ ਪੂਜਾ ਆਦਿ ਕਰ ਕਰਕੇ ਥੱਕ ਗਏ, ਕਿਸੇ ਮਦਦ ਨਾ ਕੀਤੀ ਤਾਂ ਇਹਨਾਂ ਨੇ ਮਟਨ ਨਿਵਾਸੀ ਭਾਈ ਕਿਰਪਾ ਰਾਮ ਜੀ ਪਾਸ ਜਾ ਕੇ ਗੁਰੂ ਘਰ ਤੋਂ ਮਦਦ ਲਈ ਫਰਿਆਦੀ ਹੋਏ। ਭਾਈ ਕਿਰਪਾ ਰਾਮ ਜੀ ਜੋ ਕਿ ਭਾਈ ਬ੍ਰਹਮਦਾਸ ਜੀ ਦੇ ਪੜਪੋਤਰੇ ਸਨ ਅਤੇ ਗੁਰੂ ਨਾਨਕ ਸਾਹਿਬ ਜੀ ਪਾਸੋਂ ਸਿੱਖੀ ਪ੍ਰਾਪਤ ਕੀਤੀ ਸੀ ਅਤੇ ਗੁਰੂ ਘਰ ਦੇ ਪ੍ਰਚਾਰਕ ਸਨ।

10 ਜੂਨ 1675 ਨੂੰ ਅਨੰਦਪੁਰ ਸਾਹਿਬ ਵਿਖੇ ਭਾਈ ਕਿਰਪਾ ਰਾਮ ਜੀ ਨੇ ਵਫਦ

(Deputation) ਸਮੇਤ ਆ ਕੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਕਸ਼ਮੀਰ ਦਾ ਗਵਰਨਰ ਹਿੰਦੂਆਂ ਉੱਪਰ ਜ਼ਬਰ ਕਰ ਰਿਹਾ ਹੈ। ਜ਼ਬਰਦਸਤੀ ਗਊ ਮਾਸ ਇਹਨਾਂ ਨੂੰ ਖਵਾ ਰਿਹਾ ਹੈ। ਜ਼ਬਰੀ ਮੁਸਲਮਾਨ ਬਣਾ ਰਿਹਾ ਹੈ। ਵਿਦਵਾਨਾ ਬੁੱਧੀਜੀਵੀਆਂ ਨੂੰ ਧਰਮ ਬਦਲਣ ਲਈ ਮਜਬੂਰ ਕਰ ਰਿਹਾ ਹੈ ਤਾਂ ਜੋ ਅਜਿਹਾ ਕਰਨ ਨਾਲ ਭੈ ਭੀਤ ਹੋ ਕੇ ਆਮ ਹਿੰਦੂ ਜਲਦੀ ਮੁਸਲਮਾਨ ਬਣ ਜਾਵੇ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦੀਰਘ ਵੀਚਾਰ ਤੋਂ ਬਾਦ ਕਿਹਾ ਕਿ ਕਸ਼ਮੀਰੀ ਗਵਰਨਰ ਨੂੰ ਜਾ ਕੇ ਕਹਿ ਦਿਓ ਕਿ ਅਸੀਂ ਗੁਰੂ ਨਾਨਕ ਸਾਹਿਬ ਦੇ ਸਿੱਖ ਹਾਂ ਅਤੇ ਹੁਣ ਉਹਨਾਂ ਦੀ ਗੱਦੀ ਪੁਰ ਗੁਰੂ ਤੇਗ ਬਹਾਦਰ ਸਾਹਿਬ ਬਿਰਾਜਮਾਨ ਹਨ। ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਆਪਣੇ ਆਪ ਮੁਸਲਮਾਨ ਬਣ ਜਾਵਾਂਗੇ।

ਕਸ਼ਮੀਰੀਆਂ ਨੇ ਕਸ਼ਮੀਰ ਦੇ ਗਵਰਨਰ ਨੂੰ ਜਾ ਕਿਹਾ ਅਤੇ ਉਸਨੇ ਔਰੰਗਜ਼ੇਬ ਨੂੰ ਇਹ ਕੁਝ ਲਿਖ ਭੇਜਿਆ। ਉਹਨੀਂ ਦਿਨੀ ਔਰੰਗਜ਼ੇਬ ਹਸਨ ਅਬਦਾਲ (ਪੰਜਾ ਸਾਹਿਬ) ਵਿਖੇ ਸੀ। ਔਰੰਗਜ਼ੇਬ ਨੇ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤਾ ਕਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਪਹੁੰਚਾਓ।

ਗੁਰੂ ਤੇਗ ਬਹਾਦਰ ਸਾਹਿਬ 23 ਜੁਲਾਈ 1675 ਨੂੰ ਗੁਰਗੱਦੀ ਸੌਂਪਣਾ ਗੁਰੂ ਗੋਬਿੰਦ ਰਾਏ (ਸਿੰਘ) ਨੂੰ ਕਰਕੇ ਦਿੱਲੀ ਵੱਲ ਚਲ ਪਏ ਅਤੇ ਮਲਕਪੁਰ ਰੰਘੜਾਂ ਜ਼ਿਲ੍ਹਾ ਰੋਪੜ ਵਿਖੇ ਗੁਰੂ ਸਾਹਿਬ ਨੂੰ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਜੀ ਸਮੇਤ ਸਰਹਿੰਦ ਦੇ ਗਵਰਨਰ ਦੇ ਹੁਕਮ ਨਾਲ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਦਿੱਲੀ ਪਹੁੰਚਾਇਆ ਗਿਆ।

ਔਰੰਗਜ਼ੇਬ ਆਪ ਤਾਂ ਦਿੱਲੀ ਨਾ ਪਹੁੰਚ ਸਕਿਆ ਪਰ ਹੁਕਮ ਜਾਰੀ ਕਰ ਦਿੱਤਾ ਜੇ ਗੁਰੂ ਸਾਹਿਬ ਮੁਸਲਮਾਨ ਬਨਣਾ ਪਰਵਾਣ ਨਾ ਕਰਨ ਤਾਂ ਉਹਨਾਂ ਨੂੰ ਡਰਾਇਆ ਧਮਕਾਇਆ ਜਾਵੇ ਅਤੇ ਜੇ ਫਿਰ ਵੀ ਨਾ ਮੰਨਣ ਤਾਂ ਲੋਕਾਂ ਅੰਦਰ ਡਰ ਪੈਦਾ ਕਰਨ ਲਈ ਕਤਲ ਕਰ ਦਿੱਤਾ ਜਾਵੇ ਅਤੇ ਉਹਨਾਂ ਦੇ ਸਰੀਰ ਦੇ ਟੋਟੇ-ਟੋਟੇ ਕਰ ਕੇ ਵੱਖ ਵੱਖ ਥਾਵਾਂ 'ਤੇ ਟੰਗ ਦਿੱਤੇ ਜਾਣ।

ਔਰੰਗਜ਼ੇਬ ਨੇ ਸੋਚਿਆ ਸੀ ਕਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਮਜ਼ਲੂਮ ਹਿੰਦੂਆਂ ਦੀ ਬਾਂਹ ਫੜਨੋ ਵਰਜਨਾ ਕੋਈ ਔਖਾ ਕੰਮ ਨਹੀਂ ਹੋਵੇਗਾ। ਕਾਜੀਆਂ ਨੇ ਸਤਿਗੁਰਾਂ ਨੂੰ ਆਖਿਆ, "ਤੁਹਾਡਾ ਧਰਮ ਤਾਂ ਹਿੰਦੂ ਧਰਮ ਤੋਂ ਉਵੇਂ ਭਿੰਨ ਹੈ ਜਿਵੇਂ ਇਸਲਾਮ। ਤੁਸੀਂ ਵੀ ਬੁੱਤ ਪੂਜ ਨਹੀਂ ਅਤੇ ਅਸੀਂ ਵੀ ਬੁੱਤ ਪੂਜ ਨਹੀਂ ਸਗੋਂ ਅਸੀਂ ਤਾਂ ਹਿੰਦੂਆਂ ਵਲੋਂ ਬਣਾਏ ਗਏ ਦੇਵੀ ਦਵਤਿਆਂ ਅਤੇ ਭਗਵਾਨਾਂ ਦੇ ਬੁੱਤਾਂ ਨੂੰ ਤੋੜਨਾ ਸਵਾਬ (ਚੰਗਾ ਕੰਮ) ਸਮਝਦੇ ਹਾਂ। ਗੁਰੂ ਸਾਹਿਬ ਨੇ ਉੱਤਰ ਦਿੱਤਾ : ਧੱਕੇ ਨਾਲ, ਤਲਵਾਰ ਅਥਵਾ ਹਕੂਮਤ ਦੇ ਦਬਾਅ ਨਾਲ ਕਿਸੇ ਨੂੰ ਧਰਮ ਬਦਲਣ ਲਈ ਮਜਬੂਰ ਕਰਨ ਵਾਲਾ ਰੱਬ ਨੂੰ ਕਦੇ ਕਬੂਲ ਨਹੀਂ ਹੋ ਸਕਦਾ। ਹਰ ਕਿਸੇ ਨੂੰ ਆਪਣੇ ਅਕੀਦੇ ਅਨੁਸਾਰ ਜੀਵਨ ਬਤੀਤ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਮੈਂ ਹਿੰਦੂ ਧਰਮ ਨੂੰ ਮੰਨਣ ਵਾਲਾ ਨਹੀਂ ਸਗੋਂ ਆਪਣੇ ਸਿੱਖਾਂ ਨੂੰ

ਇੱਕ ਖੁਦਾ ਦੀ ਬੰਦਗੀ ਸਿਖਾ ਕੇ ਹਿੰਦੂ ਧਰਮ ਦੇ ਤੌਰ ਤਰੀਕਿਆਂ ਅਤੇ ਕਰਮ ਕਾਂਡੀ ਜੀਵਨ ਤੋਂ ਕੋਹਾਂ ਦੂਰ ਲਿਜਾ ਕੇ ਸੱਚ ਧਰਮ ਦਾ ਉਪਦੇਸ਼ ਦ੍ਰਿੜ ਕਰਵਾ ਰਿਹਾ ਹਾਂ। ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗੁਰਸਿੱਖਾਂ ਨੂੰ ਐਸੀ ਪ੍ਰੇਰਣਾ ਦਿੱਤੀ ਜਾ ਰਹੀ ਹੈ ਅਤੇ ਇਸ ਸੱਚੀ ਸੁੱਚੀ ਪ੍ਰੇਰਣਾ ਨੂੰ ਫਲ ਵੀ ਚੋਖਾ ਲੱਗਾ ਹੈ। ਲੱਖਾਂ ਕਰੋੜਾਂ ਇਨਸਾਨਾਂ ਨੇ ਬਿਨਾਂ ਕਿਸੇ ਦਬਾਅ ਦੇ ਜਾਂ ਲੋਭ ਲਾਲਚ ਦੇ ਇਸ ਸਿੱਖ ਧਰਮ ਨੂੰ ਅਪਣਾਇਆ ਹੈ ਅਤੇ ਧੜਾ ਧੜ ਅਪਨਾ ਰਹੇ ਹਨ। ਜਦੋਂ ਮੁਗਲ ਹਕੂਮਤ ਨਾਲ ਗੱਲਬਾਤ ਸਿਰੇ ਨਾ ਚੜ੍ਹੀ ਤਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ ਗਿਆ। ਮੁਗਲ ਹਕੂਮਤ ਨੇ ਫੈਸਲਾ ਕੀਤਾ ਕਿ ਗੁਰੂ ਜੀ ਤੋਂ ਪਹਿਲਾਂ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਨੂੰ ਸ਼ਹੀਦ ਕੀਤਾ ਜਾਵੇ। ਸਾਰੇ ਸ਼ਹਿਰ ਵਿੱਚ ਢੰਡੋਰਾ ਪਿਟਵਾਇਆ ਗਿਆ। ਭਾਰੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ।

ਭਾਈ ਦਿਆਲਾ ਜੀ ਵੀ ਹਥਕੜੀਆਂ, ਬੇੜੀਆਂ ਅਤੇ ਸੰਗਲਾਂ ਨਾਲ ਜਕੜੇ ਹੋਏ ਸਨ।

ਭਾਈ ਜੀ ਨੂੰ ਇਸਲਾਮ ਧਰਮ ਦੇ ਗੁਣਾਂ, ਐਸ਼ ਅਰਾਮ ਦੇ ਜੀਵਨ ਤੇ ਬਹਿਸ਼ਤ ਵਿਚ ਹੂਰਾਂ ਮਿਲਣ ਬਾਰੇ ਅਨੇਕਾਂ ਸਬਜ਼ ਬਾਗ਼ ਵਿਖਾਣ ਦਾ ਉਪਰਾਲਾ ਕਾਜ਼ੀਆਂ ਨੇ ਕੀਤਾ ਪਰ ਭਾਈ ਜੀ ਨੂੰ ਸਿੱਖੀ ਸਿਦਕ ਤੋਂ ਡੋਲਾਉਣ ਵਿਚ ਸਫਲ ਨਾ ਹੋ ਸਕੇ।

ਕਾਜ਼ੀ ਨੇ ਭਾਈ ਦਿਆਲ ਦਾਸ ਨੂੰ ਉਬਲਦੀ ਦੇਗ ਵਿਚ ਉਬਾਲ ਦੇਣ ਦਾ ਹੁਕਮ ਸੁਣਾ ਦਿੱਤਾ। ਭਾਈ ਸਾਹਿਬ ਜੀ ਦੇ ਹੱਥ ਪੈਰ ਬੰਨ ਦਿੱਤੇ ਗਏ। ਉਹਨਾਂ ਨੂੰ ਕੋਤਵਾਲੀ ਦੇ ਸਾਹਮਣੇ (ਜਿਥੇ ਅੱਜ ਕਲ ਘੰਟੇ ਵਾਲੇ ਹਲਵਾਈ ਦੀ ਦੁਕਾਨ ਹੈ, ਉਸਦੇ ਨਾਲ ਖੂਹੀ ਹੈ) ਦੇ ਅਸਥਾਨ ਤੇ ਕਾਜ਼ੀ ਦੇ ਫ਼ਤਵੇ ਅਨੁਸਾਰ ਜਲਾਦਾਂ ਨੇ ਦੇਗ (ਬਹੁਤ ਵੱਡਾ ਭਾਂਡਾ) ਵਿਚ ਪਾਣੀ ਪਾ ਕੇ ਭਾਈ ਦਿਆਲਾ ਜੀ ਨੂੰ ਬਿਠਾ ਦਿੱਤਾ ਤੇ ਚੁਲ੍ਹੇ ਵਿਚ ਅੱਗ ਬਾਲ ਦਿੱਤੀ। ਜਿਉਂ ਜਿਉਂ ਪਾਣੀ ਗਰਮ ਹੁੰਦਾ ਗਿਆ ਤਿਉਂ ਤਿਉਂ ਭਾਈ ਜੀ ਗੁਰਬਾਣੀ ਰਾਹੀਂ ਆਪਣੇ ਸਤਿਗੁਰਾਂ ਦੇ ਸਨਮੁਖ ਅਕਾਲ ਪੁਰਖ ਦੀ ਯਾਦ ਵਿਚ ਜੁੜਦੇ ਗਏ। ਪਾਣੀ ਉਬਾਲੇ ਖਾਣ ਲੱਗਾ। ਭਾਈ ਜੀ ਦੇ ਚਿਹਰੇ ਤੇ ਲਾਲੀ ਭਖਣ ਲੱਗੀ। ਅੱਗ ਹੋਰ ਤੇਜ਼ ਕੀਤੀ ਗਈ ਪਰ ਭਾਈ ਦਿਆਲਾ ਜੀ ਅਡੋਲ, ਸ਼ਾਂਤਚਿਤ ਤੇ ਸਿੱਖੀ ਸਿਦਕ ਵਿਚ ਪਰਪੱਕ ਰਹੇ।

ਸਰੀਰ ਛਾਲੇ ਛਾਲੇ ਹੁੰਦਾ ਗਿਆ ਤੇ ਭਾਈ ਜੀ ਦੇ ਮਨ ਵਿਚ ਪੰਜਵੇਂ ਸਤਿਗੁਰੂ-ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦਾ ਦ੍ਰਿਸ਼ ਸਿੱਖੀ ਸਿਦਕ ਵਿਚ ਹੋਰ ਦ੍ਰਿੜ ਕਰਦਾ ਗਿਆ। ਲੋਕਾਈ ਦੇ ਵੇਖਦਿਆਂ ਵੇਖਦਿਆਂ ਭਾਈ ਜੀ ਦੀ ਆਤਮਾ ਸਰੀਰਕ ਚੋਲਾ ਤਿਆਗ ਕੇ ਪਰਮਾਤਮਾ ਵਿਚ ਜਾ ਸਮਾਈ। ਕੁਝ ਲੋਕਾਂ ਅਥਰੂ ਕੇਰੇ, ਕੁਝ ਨੇ ਹਉਕੇ ਲਏ, ਤੇ ਜ਼ਾਲਮ ਹਕੂਮਤ ਦੇ ਖਾਤਮੇ ਲਈ ਮਨ ਹੀ ਮਨ ਵਿਚ ਪਰਮਾਤਮਾ ਅੱਗੇ ਅਰਜ਼ੋਈ ਕਰਦੇ ਘਰਾਂ ਨੂੰ ਚਲੇ ਗਏ।

ਜ਼ੁਲਮ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ ਭਾਈ ਦਿਆਲਾ ਜੀ ਸ਼ਹੀਦੀ ਦੇ ਗਏ ਪਰ

ਆਪਣੇ ਧਾਰਮਿਕ ਨਿਸ਼ਚੇ ਵਿਚ ਕੋਈ ਤ੍ਰੇੜ ਨਾ ਪੈਣ ਦਿਤੀ। ਸਤਿਗੁਰਾਂ ਦੇ ਸਨੁੰਖ ਸ਼ਹੀਦ ਹੁੰਦੇ ਹੋਏ ਭਾਈ ਜੀ ਨੌਵੇਂ ਪਾਤਸ਼ਾਹ ਦੀਆਂ ਬਖਸ਼ਸ਼ਾਂ ਦੇ ਪਾਤਰ ਬਣੇ। ਮਨੁੱਖਾ ਜਨਮ ਸਫ਼ਲ ਕਰ ਗਏ ਤੇ ਚੰਗੇ ਪੂਰਨੇ ਪਾ ਗਏ-ਆਉਣ ਵਾਲੀਆਂ ਨਸਲਾਂ ਲਈ।

ਭਾਈ ਸਾਹਿਬ ਦੀ ਸ਼ਹੀਦੀ ਅੱਜ ਵੀ ਸਿੱਖ ਨੌਜੁਆਨਾਂ ਨੂੰ ਵੰਗਾਰਦੀ ਹੈ ਕਿ ਨਾਸਤਕਤਾ ਦੇ ਝੁੱਲ ਰਹੇ ਝੱਖੜਾਂ ਵਿਚ ਉਹ ਸਿੱਖੀ ਦੇ ਰੰਗ ਨੂੰ ਕਦੇ ਫਿੱਕਾ ਨਹੀਂ ਪੈਣ ਦੇਣਗੇ।

3. ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ

ਦਿੱਲੀ ਵਿਚ ਗੁਰਦੁਆਰਾ ਸੀਸ ਗੰਜ ਦੇ ਸਾਹਮਣੇ ਵੱਡੇ ਫੁਹਾਰੇ ਵਾਲੀ ਥਾਂ ਇਕ ਸਿੱਖ ਸ਼ਹੀਦ ਦੇ ਖ਼ੂਨ ਨਾਲ ਰੰਗੀ ਹੋਣ ਦਾ ਮਾਣ ਕਰਦੀ ਹੈ। ਇਸ ਥਾਂ ਤੇ ਮਹਾਨ ਵਿਅਕਤੀ, ਦੁੱਖ ਸੁੱਖ ਤੋਂ ਉੱਪਰ ਉੱਠੇ ਅਨੰਦ ਅਵਸਥਾ ਦੇ ਮਾਲਕ, ਭਾਈ ਮਤੀ ਦਾਸ ਜੀ ਨੂੰ ਮੁਗ਼ਲ ਸਰਕਾਰ ਨੇ ਕਾਜ਼ੀਆਂ ਦੇ ਹੁਕਮ ਨਾਲ ਸ਼ਹੀਦ ਕੀਤਾ ਸੀ। ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਆਰਾ ਸੀਸ ਤੇ ਰੱਖ ਕੇ ਇਉਂ ਫੇਰਿਆ ਗਿਆ, ਜਿਵੇਂ ਲਕੜੀ ਦੀ ਗੇਲੀ ਨੂੰ ਦੋ ਫਾੜ ਕੀਤਾ ਜਾਂਦਾ ਹੈ। ਭਾਈ ਸਾਹਿਬ ਨੇ ਅਡੋਲ ਅਵਸਥਾ ਵਿਚ ਉਸ ਸਮੇਂ ਤੱਕ ਬਿਰਤੀ ਨੂੰ ਟਿਕਾਈ ਰੱਖਿਆ ਜਦ ਤੱਕ ਕਿ ਆਰੇ ਨੇ ਸਰੀਰ ਦੋ ਫ਼ਾੜ ਨਹੀਂ ਕਰ ਦਿੱਤਾ ਤੇ ਆਤਮਾ ਰੂਪੀ ਭੌਰ ਉਡਾਰੀ ਨਹੀਂ ਮਾਰ ਗਿਆ। ਦੁਨੀਆ ਦਾ ਇਤਿਹਾਸ ਇਸ ਤਰ੍ਹਾਂ ਦੇ ਬੇ-ਮਿਸਾਲ ਸ਼ਹੀਦ ਪੈਦਾ ਨਹੀਂ ਕਰ ਸਕਿਆ।

ਭਾਈ ਮਤੀਦਾਸ ਜੀ ਦਾ ਜਨਮ ਪਿੰਡ ਕਰਿਆਲਾ ਜ਼ਿਲਾ ਜਿਹਲਮ (ਹੁਣ ਪਾਕਿਸਤਾਨ), ਭਾਈ ਹੀਰਾ ਮਲ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੇ ਦੋ ਹੋਰ ਭਰਾ ਭਾਈ ਸਤੀ ਦਾਸ ਜੀ ਅਤੇ ਭਾਈ ਜਤੀ ਦਾਸ ਜੀ ਸਨ। ਹੀਰਾ ਮਲ ਜੀ ਦੇ ਦਾਦਾ ਜੀ ਬਾਈ ਪਰਾਗ ਦਾਸ, ਤੇ ਭਾਈ ਪਰਾਗ ਦਾਸ ਜੀ ਦੇ ਪਿਤਾ ਭਾਈ ਗੌਤਮ ਦਾਸ, ਜੋ ਕਿ ਮਹਾਤਮਾ ਕਰਕੇ ਇਲਾਕੇ ਵਿਚ ਪ੍ਰਸਿੱਧ ਸਨ, ਪਾਸੋਂ ਗੁਰਮਤਿ ਗਿਆਨ ਪ੍ਰਾਪਤ ਕਰਨ ਲਈ ਲੋਕ ਦੂਰੋਂ ਦੂਰੋਂ ਚਲ ਕੇ ਆਉਂਦੇ ਸਨ। ਭਾਈ ਗੌਤਮ ਦਾਸ ਜੀ ਨੇ ਗੁਰੂ ਅਰਜੁਨ ਸਾਹਿਬ ਜੀ ਤੋਂ ਗੁਰਮਤਿ ਧਾਰਨ ਕੀਤੀ ਸੀ। ਭਾਈ ਪਰਾਗਾ ਬਹੁਤ ਦਲੇਰ ਤੇ ਪਹਿਲਵਾਨ ਸਨ। ਪਿੰਡ ਵਿਚ ਹੀ ਨਹੀਂ ਬਲਕਿ ਸਾਰੇ ਇਲਾਕੇ ਵਿਚ ਇਹਨਾਂ ਦੇ ਮੁਕਾਬਲੇ ਦਾ ਕੋਈ ਸੂਰਬੀਰ ਨਹੀਂ ਸੀ। ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਬਕਾਇਦਾ ਫੌਜ ਰੱਖਣ ਦਾ ਐਲਾਨ ਕੀਤਾ ਤਾਂ ਭਾਈ ਪਰਾਗਾ ਜੀ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਹੋਏ ਅਤੇ ਆਪਣੀ ਸੇਵਾ ਅਰਪਣ ਕੀਤੀ। ਗੁਰੂ ਸਾਹਿਬ ਨੇ ਸੋਹਣਾ ਜਵਾਨ ਤੇ ਯੋਗ ਜਾਣ ਕੇ ਇਕ ਦਸਤੇ ਦਾ ਜੱਥੇਦਾਰ ਨੀਅਤ ਕੀਤਾ, ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇਂ ਮੁਗ਼ਲਾਂ ਨਾਲ ਪਹਿਲੀ ਲੜਾਈ ਜੋ 18-10-1621 ਨੂੰ ਹਰਿਗੋਬਿੰਦਪੁਰੇ ਹੋਈ ਵਿਚ ਭਾਈ ਪਰਾਗਾ ਨੇ ਜੌਹਰ ਵਿਖਾਏ ਤੇ ਸ਼ਹੀਦੀ ਪ੍ਰਾਪਤ ਕੀਤੀ। ਇਤਿਹਾਸ ਵਿਚ ਉਨ੍ਹਾਂ ਦਾ ਨਾਮ ਸਦਾ ਚਮਕਦਾ ਰਹੇਗਾ।

ਭਾਈ ਮਤੀ ਦਾਸ ਜੀ ਆਪਣੇ ਪਿਤਾ ਤੇ ਪਿਤਾਮਾ ਦੀ ਤਰ੍ਹਾਂ ਗੁਰੂ ਘਰ ਦੇ ਪੂਰਨ ਸ਼ਰਧਾਵਾਨ ਸਨ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਕਾਲੇ ਵਿਖੇ ਗੁਰਗੱਦੀ ਸੰਭਾਲੀ, ਉਸ ਵੇਲੇ ਦੂਰ ਦੂਰ ਤੋਂ ਸੰਗਤਾਂ ਦਰਸ਼ਨ ਕਰਨ ਲਈ ਆਈਆਂ। ਭਾਈ ਸਾਹਿਬ ਵੀ ਉਸੇ ਵੇਲੇ ਦਰਸ਼ਨਾਂ ਨੂੰ ਆਏ। ਜੀਵਨ ਵਿਚ ਇਹੋ ਜਿਹਾ ਪਲਟਾ ਆਇਆ ਕਿ ਗੁਰੂ ਚਰਨਾਂ ਵਿਚ ਹੀ ਆਪਣਾ ਜੀਵਨ ਬਤੀਤ ਕਰਨ ਦੀ ਧਾਰ ਲਈ। ਕਾਫ਼ੀ ਸਮਾਂ ਗੁਰੂ ਘਰ ਨੇੜੇ ਰਹਿਣ ਕਰਕੇ ਆਪ ਜੀ ਨੂੰ ਗੁਰੂ ਸਾਹਿਬ ਨੇ ਦੀਵਾਨ ਦੀ ਉਪਾਧੀ ਬਖਸ਼ੀ ਤੇ ਵੱਡੀ ਜ਼ਿੰਮੇਵਾਰੀ ਸੌਂਪੀ ਗਈ। ਭਾਈ ਸਾਹਿਬ ਗੁਰੂ ਜੀ ਨਾਲ ਪੂਰਬੀ ਪ੍ਰਚਾਰਕ ਦੌਰੇ ਸਮੇਂ ਨਾਲ ਗਏ ਸਨ।

ਭਾਈ ਮਤੀ ਦਾਸ ਜੀ ਉਹਨਾਂ ਗੁਰਸਿੱਖਾਂ ਵਿਚੋਂ ਇਕ ਸਨ, ਜੋ ਗੁਰੂ ਤੇਗ ਬਹਾਦਰ ਸਾਹਿਬ ਨਾਲ ਦਿੱਲੀ ਮੁਗ਼ਲ ਹਕੂਮਤ ਅਤੇ ਉਹਨਾਂ ਦੇ ਸਰਪ੍ਰਸਤ ਕਾਜ਼ੀਆਂ ਨਾਲ ਗੱਲਬਾਤ ਵਾਸਤੇ ਗਏ ਸਨ।

ਮੁਗ਼ਲ ਹਕੂਮਤ ਦੇ ਦਰਬਾਰੀਆਂ ਨੇ ਪਹਿਲਾਂ ਇਹਨਾਂ ਤਿੰਨਾਂ ਗੁਰਸਿੱਖਾਂ ਨੂੰ ਸ਼ਹੀਦ ਕਰਨ ਦਾ ਫੈਸਲਾ ਕੀਤਾ ਕਿਉਂਕਿ ਉਹਨਾਂ ਦਾ ਵਿਸ਼ਵਾਸ ਸੀ ਕਿ ਭਿਆਨਕ ਕਿਸਮ ਦੀ ਮੌਤ ਵੇਖ ਕੇ ਇਹ ਗੁਰਸਿੱਖ ਅਤੇ ਗੁਰੂ ਸਾਹਿਬ ਜੀ ਘਬਰਾ ਜਾਣਗੇ ਤੇ ਈਨ ਮੰਨ ਲੈਣਗੇ।

ਸ਼ਹਿਰ ਵਿਚ ਉਹਨਾਂ ਨੂੰ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਸਜ਼ਾ ਬਾਰੇ ਢੰਡੋਰਾ ਪਿਟਵਾਇਆ ਗਿਆ ਤੇ ਭਾਰੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ। ਕੋਤਵਾਲੀ ਦੇ ਅਗੋਂ ਇਕ ਕੱਚਾ ਰਾਹ ਸ਼ਹਿਰ ਵੱਲ ਜਾਂਦਾ ਸੀ। ਉਸ ਅੱਗੇ ਖੁਲ੍ਹਾ ਮੈਦਾਨ ਸੀ। ਭਾਈ ਮਤੀ ਦਾਸ ਜੀ ਨੂੰ ਕੋਤਵਾਲੀ ਤੋਂ ਬਾਹਰ ਕਢਿਆ ਗਿਆ ਤੇ ਉਸ ਮੈਦਾਨ ਵਿਚ ਲੈ ਜਾਇਆ ਗਿਆ, ਜਿੱਥੇ ਜਲਾਦ ਆਰਾ ਤੇ ਸ਼ਿਕੰਜਾ ਲੈ ਕੇ ਖੜੇ ਕੀਤੇ ਗਏ ਸਨ, ਭਾਈ ਸਾਹਿਬ ਨੂੰ ਕਾਜ਼ੀ ਨੇ ਇਕ ਵਾਰ ਫਿਰ ਸਰਕਾਰ ਵਲੋਂ ਪੇਸ਼ਕਸ਼ ਕੀਤੀ, ਦੁਨਿਆਵੀ ਸੁੱਖਾਂ ਤੇ ਹਰ ਤਰ੍ਹਾਂ ਦੇ ਲਾਲਚ ਦਿੱਤੇ ਗਏ, ਪਰ ਭਾਈ ਸਾਹਿਬ ਨੇ ਕੁਝ ਵੀ ਪ੍ਰਵਾਨ ਨਾ ਕੀਤਾ। ਅੰਤ ਵਿਚ ਇਹ ਵੀ ਯਤਨ ਕੀਤਾ ਗਿਆ ਕਿ ਉਹ ਗੁਰੂ ਸਾਹਿਬ ਦਾ ਸਾਥ ਛੱਡ ਦੇਣ, ਪਰ ਭਾਈ ਸਾਹਿਬ ਇਹ ਗੱਲ ਕਿਵੇਂ ਪਰਵਾਨ ਕਰ ਸਕਦੇ ਸਨ। ਭਾਈ ਸਾਹਿਬ ਜੀ ਨੇ ਕਿਹਾ, "ਗੁਰੂ ਸਾਹਿਬ ਨੂੰ ਛੱਡ ਕੇ ਮੈਂ ਜਿੰਦਾ ਨਹੀਂ ਰਹਿ ਸਕਦਾ, ਅੰਤ ਨੂੰ ਮਰਨਾ ਤਾਂ ਹੈ ਹੀ, ਕਿਉਂ ਨਾ ਸਿੱਖੀ ਨਿਭਾ ਕੇ ਮਰਾਂ।"

ਉਸ ਸਮੇਂ ਰਿਵਾਜ ਅਨੁਸਾਰ, ਜਿਸ ਨੂੰ ਮਾਰਨਾ ਹੁੰਦਾ ਸੀ, ਉਸਦੀ ਅੰਤਿਮ ਖਾਹਿਸ਼ ਪੁੱਛੀ ਜਾਂਦੀ ਸੀ ਤੇ ਜੇ ਉਹ ਮੰਨਣਯੋਗ ਹੁੰਦੀ ਤਾਂ ਪੂਰੀ ਕੀਤੀ ਜਾਂਦੀ ਸੀ। ਭਾਈ ਸਾਹਿਬ ਨੂੰ ਜਦ ਪੁੱਛਿਆ ਗਿਆ ਤਾਂ ਉਹਨਾਂ ਨੇ ਕਿਹਾ ਕਿ ਮੇਰੇ ਸੀਸ ਤੇ ਆਰਾ ਰੱਖਣ ਸਮੇਂ ਮੇਰਾ ਮੂੰਹ ਗੁਰੂ ਸਾਹਿਬ ਦੇ ਪਿੰਜਰੇ ਵੱਲ ਕਰ ਦਿੱਤਾ ਜਾਵੇ ਮੈਂ ਆਪਣੇ ਅੰਤਲੇ ਸਮੇਂ ਆਪਣੇ ਮਾਹੀ ਪ੍ਰੀਤਮ ਦੇ ਦਰਸ਼ਨ ਕਰ ਸਕਾਂ, ਬਸ ਮੇਰੀ ਇਹੀ ਅਭਿਲਾਸ਼ਾ ਹੈ।

ਇਸੇ ਤਰ੍ਹਾਂ ਕੀਤਾ ਗਿਆ ਤੇ ਭਾਈ ਸਾਹਿਬ ਦਾ ਮੂੰਹ ਉਧਰ ਕਰਕੇ ਆਰਾ ਸੀਸ ਤੇ

ਰੱਖ ਦਿੱਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਲੋਕ ਦੇਖਕੇ ਦੰਗ ਰਹਿ ਗਏ ਕਿ ਭਾਈ ਸਾਹਿਬ ਨੂੰ ਜ਼ਰਾ ਵੀ ਘਬਰਾਹਟ ਨਹੀਂ ਸੀ ਸਗੋਂ ਚਿਹਰੇ ਜਲਾਲ ਸੀ। ਆਰਾ ਅੱਗੇ ਤੋਂ ਪਿੱਛੇ ਚੱਲਣ ਲੱਗ ਪਿਆ। ਖੂਨ ਦੀਆਂ ਧਾਰਾਂ ਦੂਰ ਦੂਰ ਤੱਕ ਵਗਣ ਲੱਗ ਪਈਆਂ। ਖੂਨ ਦੇ ਪਰਨਾਲੇ ਛੁੱਟਣ ਲੱਗ ਪਏ। ਸਰੀਰ ਵਿਚ ਬਿਲਕੁਲ ਕਾਂਬਾ ਨਹੀਂ ਛਿੜਿਆ। ਅਡੋਲਤਾ ਨੂੰ ਆਰੇ ਦਾ ਚੀਰ ਭੰਗ ਨਾ ਕਰ ਸਕਿਆ। ਆਰਾ ਆਪਣਾ ਕੰਮ ਮੁਕਾ ਬੈਠਾ। ਸਰੀਰ ਦੋ ਫਾੜ ਹੋ ਗਿਆ। ਭੌਰ ਉਡਾਰੀ ਲਾ ਗਿਆ। ਵੇਖਣ ਵਾਲਿਆਂ ਦੇ ਰੌਂਗਟੇ ਖੜੇ ਹੋ ਗਏ, ਇਸ ਤਰ੍ਹਾਂ ਇਨਸਾਨ ਨੂੰ ਤਸੀਹੇ ਝਲਦਿਆਂ ਅਤੇ ਦ੍ਰਿੜ ਰਹਿੰਦਿਆਂ ਕਦੀ ਕਿਸੇ ਨੇ ਨਹੀਂ ਸੀ ਡਿੱਠਾ।

ਭਾਈ ਸਤੀ ਦਾਸ ਜੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰੀ ਲਿਖਾਰੀ ਅਤੇ ਫਾਰਸੀ ਦੇ ਵਿਦਵਾਨ ਸਨ। ਗੁਰੂ ਜੀ ਜੋ ਬਚਨ ਕਰਦੇ ਸਨ ਆਪ ਜੀ ਲਿਖ ਲੈਂਦੇ। ਬੰਸਾਵਲੀਨਾਮੇ ਵਿੱਚ ਲਿਖਿਆ ਹੈ ਕਿ ''ਬਾਣੀ ਜੋ ਸਾਹਿਬ ਕਰਹਿ ਉਚਾਰੁ। ਸੋ ਸਤੀ ਦਾਸ ਨਿਤ ਕਰੇ ਫਾਰਸੀ ਅਖਰਾਂ ਵਿੱਚ ਉਤਾਰੁ। ''ਇਹ ਵੀ ਲਿਖਿਆ ਕਿ ਜੋ ਬਚਨ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਬੰਦੀ ਖਾਨੇ ਵਿੱਚ ਕੀਤੇ ਉਹ ਭਾਈ ਸਤੀ ਦਾਸ ਜੀ ਨੇ ਲਿਖ ਲਏ ਸਨ ਪਰ ਅਹਿਲਕਾਰਾਂ ਨੇ ਖੋਹ ਲਏ ਸਨ।

ਭਾਈ ਸਤੀ ਦਾਸ ਜੀ ਨੂੰ ਸ਼ਹੀਦ ਕਰਨ ਲਈ ਸਰੀਰ ਉੱਤੇ ਰੂੰ ਲਪੇਟੀ ਗਈ। ਭਾਈ ਸਾਹਿਬ ਨੇ ਜਪੁ ਜੀ ਸਾਹਿਬ ਦਾ ਪਾਠ ਅਰੰਭ ਕਰ ਦਿੱਤਾ। ਦੇਖਦਿਆਂ ਦੇਖਦਿਆਂ ਰੂੰ ਨੂੰ ਅੱਗ ਲਾ ਦਿੱਤੀ ਗਈ ਅਤੇ ਅੱਗ ਦੀਆਂ ਲਪਟਾਂ ਨਿਕਲਣੀਆਂ ਅਰੰਭ ਹੋ ਗਈਆਂ ਅਤੇ ਸਰੀਰ ਸੜ ਗਿਆ ਅਤੇ ਭੌਰ ਗੁਰਪੁਰੀ ਸਿਧਾਰ ਗਿਆ।

ਇਹ ਉਪਰੋਕਤ ਸਾਕਾ 24 ਨਵੰਬਰ ਸੰਨ 1675 ਦੇ ਪਹਿਲੇ ਹਫਤੇ ਵਿਚ ਹੋਇਆ ਇਸ ਸ਼ਹੀਦੀ ਨੇ ਕੌਮ ਵਿਚ ਇਕ ਨਵੀਂ ਰੂਹ ਫੂਕ ਦਿੱਤੀ ਤੇ ਰਹਿੰਦੀ ਦੁਨੀਆ ਤੱਕ ਇਹ ਸ਼ਹੀਦੀ ਚਾਨਣ ਮੁਨਾਰੇ ਦਾ ਕੰਮ ਕਰਦੀ ਰਹੇਗੀ।

ਸਿੱਖ ਇਤਿਹਾਸ

4. ਸ. ਜੱਸਾ ਸਿੰਘ ਆਹਲੂਵਾਲੀਆ

ਜਦੋਂ ਅਹਿਮਦ ਸ਼ਾਹ ਅਬਦਾਲੀ ਪੰਜਵੇਂ ਹਮਲੇ ਤੋਂ ਬਾਅਦ ਦਿੱਲੀ ਨੂੰ ਲੁੱਟ ਕੇ ਵਾਪਿਸ ਜਾ ਰਿਹਾ ਸੀ ਤਾਂ ਕਿਸੇ ਵੀ ਭਾਰਤੀ ਸੂਰਮੇ ਨੇ ਉਸ ਦਾ ਰਸਤਾ ਨਾ ਰੋਕਿਆ। ਕੈਂਦੀਆਂ ਵਿਚੋਂ ਲਗਭਗ 2200 ਦੇ ਕਰੀਬ ਹਿੰਦੂ ਇਸਤਰੀਆਂ ਵੀ ਕੈਦ ਸਨ। ਇਹਨਾਂ ਦੀ ਚੀਕ ਪੁਕਾਰ ਕਿਸੇ ਨੇ ਵੀ ਨਾ ਸੁਣੀ। ਜਦੋਂ ਅਬਦਾਲੀ ਪੰਜਾਬ ਪਹੁੰਚਿਆ ਤਾਂ ਇਹਨਾਂ ਅਬਲਾਵਾਂ ਨੂੰ ਛੁਡਾਉਣ ਲਈ ਇਕ ਸੂਰਮਾ ਅਗੇ ਵਧਿਆ ਉਸ ਦਾ ਨਾ ਸੀ ਸ੍ਰ. ਜੱਸਾ ਸਿੰਘ ਆਹਲੂਵਾਲੀਆ।

ਸ੍ਰ. ਜੱਸਾ ਸਿੰਘ ਆਹਲੂਵਾਲੀਆਂ ਦੇ ਪਿਤਾ ਦਾ ਨਾਮ ਸ੍ਰ. ਬਾਘ ਸਿੰਘ ਸੀ, ਜਿਨ੍ਹਾਂ ਦੀ ਸ਼ਾਦੀ ਹੱਲੋਂ ਸਾਧਾਂ ਦੇ ਸਰਦਾਰ ਬਾਘ ਸਿੰਘ ਦੀ ਭੈਣ ਨਾਲ ਹੋਈ ਜਿਸਦੀ ਕੁੱਖੋਂ 18

ਮਈ 1718 ਈ: ਨੂੰ ਇਸ ਮਹਾਨ ਜਰਨੈਲ ਦਾ ਜਨਮ ਹੋਇਆ। ਸੰਨ 1722 ਈ: ਵਿਚ ਆਪ ਜੀ ਦੇ ਪਿਤਾ ਜੀ ਦੀ ਮੌਤ ਤੋਂ ਬਾਅਦ ਆਪ ਜੀ ਦੇ ਮਾਤਾ ਜੀ ਦਿਲੀ ਵਿਖੇ ਮਾਤਾ ਸੁੰਦਰ ਕੌਰ ਜੀ ਕੋਲ ਚਲੇ ਗਏ ਜਿਥੇ ਆਪ ਜੀ ਨੇ ਧਾਰਮਿਕ ਪੁਸਤਕਾਂ ਪੜ੍ਹਨ ਦੇ ਨਾਲ ਨਾਲ ਫਾਰਸੀ ਦੀ ਸਿਖਿਆ ਵੀ ਪ੍ਰਾਪਤ ਕੀਤੀ। 1729 ਈ: ਵਿਚ ਬਾਘ ਸਿੰਘ ਜੀ ਆਪ ਜੀ ਨੂੰ ਜਲੰਧਰ ਲੈ ਆਏ ਜਿਥੇ ਇਹਨਾਂ ਦਾ ਮੇਲ ਨਵਾਬ ਕਪੂਰ ਸਿੰਘ ਜੀ ਨਾਲ ਹੋਇਆ। ਨਵਾਬ ਕਪੂਰ ਸਿੰਘ ਸ. ਜੱਸਾ ਸਿੰਘ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਬਾਘ ਸਿੰਘ ਕੋਲੋਂ ਆਪ ਜੀ ਨੂੰ ਆਪਣੇ ਕੋਲ ਰੱਖਣ ਦੀ ਇਜ਼ਾਜ਼ਤ ਲੈ ਲਈ। ਨਵਾਬ ਕਪੂਰ ਸਿੰਘ ਕੋਲ ਰਹਿ ਕੇ ਸ੍ਰ. ਜੱਸਾ ਸਿੰਘ ਨੇ ਹਰ ਇਕ ਤਰ੍ਹਾਂ ਦੀ ਸ਼ਸਤਰ ਵਿਦਿਆ ਹਾਸਿਲ ਕੀਤੀ।

ਪੰਥਕ ਸਰਗਰਮੀਆਂ : (ਜਸਪਤ ਰਾਇ ਦਾ ਸਿਰ ਵੱਡਣਾ) ਫਰਵਰੀ 1746 ਈ: ਦੀ ਗੱਲ ਹੈ ਕਿ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਜੱਸਾ ਸਿੰਘ ਆਹਲੂਵਾਲੀਏ ਦੇ ਜਥਿਆਂ ਦੀ ਜਸਪਤ ਰਾਏ ਨਾਲ ਐਮਨਾਬਾਦ ਦੇ ਕੋਲ ਆਹਮੋ ਸਾਹਮਣੇ ਟੱਕਰ ਹੋ ਗਈ। ਸਿੰਘਾਂ ਨੇ ਇਸ ਨੂੰ ਬਥੇਰਾ ਸਮਝਾਇਆ ਕਿ ਸਾਡਾ ਤੇਰੇ ਨਾਲ ਕੋਈ ਝਗੜਾ ਨਹੀਂ, ਪਰੰਤੂ ਉਸ ਨੇ ਅੱਗੋਂ ਕਿਹਾ "ਸੀਸ ਮੁਨਾਇ ਤੁਮੈ ਜਾਟ ਬਣਾਵੈ, ਤੁਮਾਰੇ ਬਾਲਨ ਕੀ ਮਾਲਾ ਬਣਾਵੈ।" ਜਦੋਂ ਜਸਪਤ ਮਲੋ ਮਲੀ ਸਿੰਘਾਂ ਦੇ ਗਲ ਪੈ ਗਿਆ ਤਾਂ ਸਿੰਘ ਫੌਜਾਂ ਨੇ ਇਸ ਦਾ ਮੁਕਾਬਲਾ ਕੀਤਾ। ਭਾਈ ਨਿਬਾਹੂ ਸਿੰਘ ਬੜੀ ਫੁਰਤੀ ਨਾਲ ਹਾਥੀ ਦੀ ਪੂੰਛ ਫੜ ਕੇ ਜਸਪਤ ਰਾਇ ਦੇ ਹਾਥੀ ਉਪਰ ਚੜ ਗਿਆ ਅਤੇ ਉਸਦਾ ਸਿਰ ਕੱਟ ਦਿੱਤਾ। ਜਸਪਤ ਰਾਇ ਦੀ ਇਹ ਹਾਲਤ ਦੇਖ ਕੇ ਉਸਦੀਆਂ ਫੌਜਾਂ ਮੈਦਾਨ ਵਿਚੋਂ ਭੱਜ ਗਈਆਂ।

ਜਸਪਤ ਰਾਇ ਦਾ ਭਰਾ ਲਖਪਤ ਆਪਣੇ ਭਰਾ ਦੀ ਮੌਤ ਦੀ ਖਬਰ ਸੁਣ ਕੇ ਗੁੱਸੇ ਨਾਲ ਭਰ ਗਿਆ ਅਤੇ ਆਪਣੀ ਪੱਗ ਲਾਹੌਰ ਦੇ ਸੂਬੇਦਾਰ ਯਹੀਆ ਖ਼ਾਨ ਦੇ ਪੈਰਾਂ ਦੇ ਵਿਚ ਸੁੱਟ ਕੇ ਸੌਂਹ ਖਾਧੀ ਕਿ ਉਹਨਾਂ ਚਿਰ ਇਸ ਨੂੰ ਸਿਰ ਉਪਰ ਨਹੀਂ ਧਰਾਂਗਾ ਜਿੰਨਾ ਚਿਰ ਸਿੰਘਾਂ ਦਾ ਖੁਰਾ ਖੋਜ ਨਹੀਂ ਮਿਟਾ ਦਿੰਦਾ। ਯਹੀਆ ਖ਼ਾਨ ਪਹਿਲਾਂ ਹੀ ਸਿੱਖਾਂ ਦੇ ਖੂਨ ਦਾ ਪਿਆਸਾ ਸੀ ਅਤੇ ਉਸਨੇ ਵੀ ਸਿੱਖਾਂ ਦੇ ਕਤਲੇਆਮ ਦਾ ਐਲਾਨ ਕਰਵਾ ਦਿਤਾ। ਪਹਿਲਾਂ ਸਿਰਫ ਜੁਝਾਰੂ ਸਿੰਘਾਂ ਨੂੰ ਹੀ ਮਾਰਿਆ ਜਾਂਦਾ ਸੀ, ਪਰੰਤੂ ਹੁਣ ਵਾਢਾ ਧਰਕੇ ਦੁਕਾਨਦਾਰਾਂ, ਵਪਾਰੀਆਂ, ਨੌਕਰਾਂ, ਚਾਕਰਾਂ ਨੂੰ ਫੜਕੇ ਮਾਰਨਾ ਸ਼ੁਰੂ ਕਰ ਦਿੱਤਾ। 10 ਮਾਰਚ 1746 ਈ: ਨੂੰ ਬਹੁਤ ਸਾਰੇ ਬੇਕਸੂਰ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ।

ਛੋਟਾ ਘਲੂਘਾਰਾ : 1 ਮਈ 1746 ਈ: ਦੇ ਦਿਨ ਤਕਰੀਬਨ 7000 ਦੇ ਕਰੀਬ ਸਿੰਘ ਸ਼ਹੀਦ ਹੋ ਗਏ ਅਤੇ 3000 ਦੇ ਲਗਭਗ ਗ੍ਰਿਫਤਾਰ ਕਰ ਲਏ ਗਏ। ਹੋਇਆ ਇੰਝ ਕਿ 15000 ਦੇ ਕਰੀਬ ਸਿੰਘ ਕਾਹਨੂੰਵਾਲ ਦੇ ਛੰਭ ਦੇ ਨੇੜੇ ਟਿਕੇ ਹੋਏ ਸਨ ।ਸ੍ਰ. ਜੱਸਾ ਸਿੰਘ ਆਹਲੂਵਾਲੀਆ ਵੀ ਇਹਨਾਂ ਨਾਲ ਹੀ ਸੀ। ਸਿੰਘਾਂ ਦਾ ਪਤਾ ਲੱਗਣ ਉਪਰ ਲਖਪਤ ਰਾਇ ਆਪਣੀਆਂ ਫੌਜਾਂ ਅਤੇ ਇਲਾਕੇ ਦੇ ਲੋਕਾਂ ਨੂੰ ਨਾਲ ਲੈ ਕੇ ਚੜਾਈ ਕਰਕੇ ਆ ਗਿਆ। ਉਸਨੇ ਜੰਗਲਾਂ ਨੂੰ ਅੱਗ ਲਗਾ ਦਿੱਤੀ। ਸਿੰਘਾਂ ਕੋਲ ਗੋਲੀ ਸਿੱਕਾ ਸੀਮਤ

ਸੀ, ਪਰੰਤੂ ਫਿਰ ਵੀ ਸਿੰਘ ਬਹਾਦਰੀ ਨਾਲ ਲੜੇ। ਸ੍ਰ. ਜੱਸਾ ਸਿੰਘ ਦੀਆਂ ਫੌਜਾਂ ਨੇ ਵੈਰੀ ਉਪਰ ਇਕ ਤਕੜਾ ਹਮਲਾ ਕਰਕੇ ਉਹਨਾਂ ਨੂੰ ਖਦੇੜ ਦਿੱਤਾ, ਪਰੰਤੂ ਫਿਰ ਵੀ ਇਸ ਜੰਗ ਵਿਚ ਸਿੰਘਾਂ ਦਾ ਪਹਿਲੀ ਵਾਰੀ ਬਹੁਤ ਜ਼ਿਆਦਾ ਨੁਕਸਾਨ ਹੋਇਆ। ਇਸੇ ਕਰਕੇ ਇਸ ਘਟਨਾ ਨੂੰ ਸਿੱਖ ਇਤਿਹਾਸ ਵਿਚ ਛੋਟੇ ਘਲੂਘਾਰੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਅਹਿਮਦ ਸ਼ਾਹ ਅਬਦਾਲੀ ਦਾ ਪਹਿਲਾ ਹਮਲਾ : ਜਦੋਂ ਸੰਨ 1748 ਈ: ਵਿਚ ਅਹਿਮਦ ਸ਼ਾਹ ਨੇ ਨੂਰਦੀਨ ਦੀ ਸਰਾਂ ਵਿਚ ਡੇਰਾ ਕੀਤਾ ਤਾਂ ਜੱਸਾ ਸਿੰਘ ਦੀ ਅਗਵਾਈ ਵਿਚ ਸਿੱਖ ਫੌਜਾਂ ਨੇ ਉਸ ਉਪਰ ਹਮਲਾ ਕਰਕੇ ਉਸ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਕਰਵਾਇਆ। ਜਦੋਂ ਦੁਰਾਨੀ ਵਾਪਿਸ ਗਿਆ ਤਾਂ ਸਿੰਘਾਂ ਨੇ ਉਸਦੇ ਪ੍ਰਤੀਨਿਧੀ ਰਾਜਪੂਤ ਸਲਾਬਤ ਖ਼ਾਨ ਨੂੰ ਘੇਰ ਲਿਆ ਅਤੇ ਉਸ ਕੋਲੋਂ ਹਰਮੰਦਿਰ ਸਾਹਿਬ ਆਜ਼ਾਦ ਕਰਵਾਇਆ। ਸਲਾਬਤ ਖ਼ਾਨ ਅਤੇ ਉਸ ਦਾ ਭਤੀਜਾ ਇਸ ਝਪਟ ਵਿਚ ਮਾਰੇ ਗਏ। 14 ਅਪ੍ਰੈਲ ਵਿਸਾਖੀ ਦਾ ਦਿਨ ਸੀ ਇਸ ਕਰਕੇ ਵਿਸਾਖੀ ਸਿੰਘਾਂ ਨੇ ਧੂਮ-ਧਾਮ ਨਾਲ ਮਨਾਈ। ਇਸ ਜਿੱਤ ਦਾ ਸਿਹਰਾ ਵੀ ਸਰਦਾਰ ਜੱਸਾ ਸਿੰਘ ਦੇ ਸਿਰ ਹੀ ਬਝਦਾ ਹੈ।

ਲਖਪਤ ਰਾਇ ਨੂੰ ਕੁੰਭੀ ਨਰਕ ਦੀ ਸਜ਼ਾ : ਮਾਰਚ 1748 ਵਿਚ ਮੀਰ ਮੰਨੂੰ ਲਾਹੌਰ ਉੱਪਰ ਕਾਬਜ਼ ਹੋ ਗਿਆ। ਉਸਨੇ ਦੁਰਾਨੀ ਦੇ ਗਵਰਨਰ ਜੱਲ੍ਹੇਖਾਨ ਅਤੇ ਦੀਵਾਨ ਲਖਪਤ ਰਾਇ ਨੂੰ ਕੈਦ ਕਰ ਲਿਆ। ਉਸ ਨੇ ਆਪਣਾ ਦੀਵਾਨ ਕੌੜਾਮਲ ਨਿਯੁਕਤ ਕੀਤਾ, ਜੋ ਕਿ ਸਿੱਖਾਂ ਦਾ ਹਮਦਰਦ ਸੀ, ਇਸੇ ਲਈ ਸਿੱਖ ਉਸ ਨੂੰ ਮਿੱਠਾ ਮਲ ਆਖਦੇ ਸੀ। ਕੌੜਾਮਲ ਨੇ ਸਿੱਖਾਂ ਦੇ ਕਾਤਲ ਲਖਪਤ ਰਾਇ ਨੂੰ ਸਿੰਘਾਂ ਦੇ ਹਵਾਲੇ ਕਰ ਦਿਤਾ। ਸਿੰਘਾਂ ਨੇ ਇਸ ਪਾਪੀ ਦੀਆਂ ਮਸ਼ਕਾਂ ਬੰਨ੍ਹ ਕੇ ਇਕ ਕਮਰੇ ਵਿਚ ਬੰਦ ਕਰ ਦਿਤਾ ਅਤੇ ਇਸ ਕਮਰੇ ਉਪਰ ਇਕ ਮੋਰੀ ਰੱਖ ਕੇ ਹਰੇਕ ਸਿੰਘ ਨੂੰ ਇਸ ਮੋਰੀ ਵਿਚ ਜੰਗਲ ਪਾਣੀ ਕਰਨ ਲਈ ਕਿਹਾ। ਇਸ ਤਰ੍ਹਾਂ ਇਸ ਨੂੰ ਸਿੰਘਾਂ ਨੇ ਕੁੰਭੀ ਨਰਕ ਦੀ ਸਜ਼ਾ ਦਿਤੀ ਅਤੇ ਇਥੇ ਹੀ ਇਸ ਪਾਪੀ ਦੀ ਛੇ ਮਹੀਨੇ ਤੜਪ ਤੜਪਕੇ ਕਾਫੀ ਸਮਾਂ ਤੜਪ ਤੜਪ ਕੇ ਮੌਤ ਹੋਈ।

ਦੁਆਬੇ ਦੇ ਹਾਕਮ ਅਦੀਨਾ ਬੇਗ ਦੀ ਸਿੰਘਾਂ ਨੂੰ ਚਿੱਠੀ : ਅਦੀਨਾ ਬੇਗ ਨੇ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਹ ਕਰਨ ਲਈ ਇਕ ਚਿੱਠੀ ਲਿਖੀ। ਪਰੰਤੂ ਅਦੀਨਾ ਬੇਗ ਇਕ ਮਕਾਰ ਆਦਮੀ ਸੀ। ਇਸ ਕਰਕੇ ਸ੍ਰ. ਜੱਸਾ ਸਿੰਘ ਉਸ ਦੀ ਚਲਾਕੀ ਨੂੰ ਤਾੜ ਗਿਆ ਅਤੇ ਇਹ ਪੇਸ਼ਕਸ਼ ਰੱਦ ਕਰ ਦਿੱਤੀ। ਇਸ ਤੋਂ ਚਿੜ ਕੇ ਅਦੀਨਾ ਬੇਗ ਨੇ ਰਾਮ ਰੌਣੀ ਨੂੰ ਘੇਰਾ ਪਾ ਲਿਆ। ਮੀਰ ਮੰਨੂੰ ਦੇ ਹੁਕਮ ਨਾਲ ਦੀਵਾਨ ਕੌੜਾਮਲ ਦੀਆਂ ਫੌਜਾਂ ਵੀ ਅਦੀਨਾ ਬੇਗ ਦੀ ਸਹਾਇਤਾ ਲਈ ਆਈਆਂ, ਪਰੰਤੂ ਇਹਨਾਂ ਦਿਨਾਂ ਵਿਚ ਹੀ ਮੀਰ ਮੰਨੂੰ ਨੂੰ ਅਹਿਮਦ ਸ਼ਾਹ ਦੁਰਾਨੀ ਦੇ ਹਿੰਦੁਸਤਾਨ ਉਪਰ ਹਮਲੇ ਦੀ ਕਨਸੋਅ ਮਿਲੀ। ਦੀਵਾਨ ਕੌੜਾਮਲ ਜੋ ਕਿ ਸਿੱਖਾਂ ਦਾ ਹਮਦਰਦ ਸੀ ਨੇ ਮੀਰ ਮੰਨੂੰ ਨੂੰ ਇਹਨਾਂ ਹਾਲਾਤਾਂ ਵਿਚ ਸਿੱਖਾਂ ਨਾਲ ਸੁਲਹ ਕਰਨ ਦੀ ਸਲਾਹ ਦਿਤੀ, ਜੋ ਉਸਨੇ ਸਵੀਕਾਰ ਕਰ ਲਈ। ਦੀਵਾਨ ਕੌੜਾਮਲ ਦੇ ਕਹਿਣ ਤੇ ਹੀ ਸਿੰਘਾਂ ਨੇ ਉਸ ਦੀ ਮੁਲਤਾਨ

ਦੀ ਮੁਹਿੰਮ ਵਿਚ ਸਹਾਇਤਾ ਕੀਤੀ। ਜਿਸ ਦੇ ਇਵਜ਼ ਵਜੋਂ ਉਸ ਨੇ ਹਰਮੰਦਿਰ ਸਾਹਿਬ ਦੀ ਕਾਰ ਸੇਵਾ ਲਈ 11000 ਰੁਪਏ ਭੇਟ ਕੀਤੇ।

ਤੈਮੂਰ ਵਲੋਂ ਅੰਮ੍ਰਿਤਸਰ ਦੀ ਬੇਅਦਬੀ : ਚੌਥੇ ਹਮਲੇ ਪਿਛੋਂ ਅਹਿਮਦ ਸ਼ਾਹ ਦੁਰਾਨੀ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਹਾਕਮ ਨਿਯੁਕਤ ਕਰਕੇ ਵਾਪਿਸ ਚਲਿਆ ਗਿਆ। ਤੈਮੂਰ ਸ਼ਾਹ ਨੇ ਜਹਾਨ ਖ਼ਾਨ ਦੀ ਅਗਵਾਈ ਵਿਚ ਅੰਮ੍ਰਿਤਸਰ ਉਪਰ ਹੱਲਾ ਬੋਲਣ ਲਈ ਫੌਜ ਭੇਜ ਦਿਤੀ, ਪਰੰਤੂ ਸਿੰਘ ਪਹਿਲਾਂ ਹੀ ਸੂਹ ਮਿਲਣ ਉਪਰ ਰਾਮ ਰੌਣੀ ਨੂੰ ਛੱਡ ਕੇ ਨਿਕਲ ਚੁੱਕੇ ਸੀ। ਜਹਾਨ ਖ਼ਾਨ ਨੇ ਰਾਮਰੌਣੀ ਨੂੰ ਢਾਹ ਦਿਤਾ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਪੂਰ ਦਿਤਾ।

ਦੂਜੇ ਪਾਸੇ ਜਦੋਂ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨੇ ਮਾਮਲਾ ਨਾ ਉਤਾਰਿਆ ਤਾਂ ਤੈਮੂਰ ਸ਼ਾਹ ਨੇ ਉਸ ਖਿਲਾਫ ਵੀ ਮੁਰਾਦ ਖ਼ਾਨ ਅਤੇ ਬੁਲੰਦਖ਼ਾਨ ਦੀ ਅਗਵਾਈ ਵਿਚ ਫੌਜਾਂ ਨੂੰ ਭੇਜਿਆ। ਅਦੀਨਾ ਬੇਗ ਨੇ ਜੱਸਾ ਸਿੰਘ ਆਹਲੂਵਾਲੀਏ ਕੋਲ ਮਦਦ ਦੀ ਬੇਨਤੀ ਕੀਤੀ। ਜੋ ਖਾਲਸੇ ਨੇ ਸਵੀਕਾਰ ਕਰ ਲਈ। ਮਹਿਲਪੁਰ (ਹੁਸ਼ਿਆਰਪੁਰ) ਦੇ ਸਥਾਨ ਤੇ ਦੁਰਾਨੀਆਂ ਨਾਲ ਟੱਕਰ ਹੋਈ। ਇਸ ਲੜਾਈ ਵਿਚ ਬੁਲੰਦ ਖ਼ਾਨ ਮਾਰਿਆ ਗਿਆ ਅਤੇ ਮੁਰਾਦ ਖ਼ਾਨ ਮੈਦਾਨ ਛੱਡ ਕੇ ਭੱਜ ਗਿਆ।

ਅਹਿਮਦ ਸ਼ਾਹ ਦੁਰਾਨੀ ਦਾ ਪੰਜਾਬ ਹਮਲਾ ਅਤੇ ਹਿੰਦੂ ਲੜਕੀਆਂ ਨੂੰ ਛੁਡਾਉਣਾ : 1761 ਈ: ਵਿਚ ਅਹਿਮਦ ਸ਼ਾਹ ਨੇ ਭਾਰਤ ਉਪਰ ਪੰਜਵਾਂ ਹਮਲਾ ਕੀਤਾ ਅਤੇ ਉਸ ਨੂੰ ਦਿਲੀ ਜਿੱਤਣ ਵਿਚ ਕੋਈ ਔਖ ਨਾ ਹੋਈ। ਜਨਵਰੀ 1761 ਈ: ਨੂੰ ਮਰਾਠਿਆਂ ਨਾਲ ਅਹਿਮਦ ਸ਼ਾਹ ਦੀ ਜੰਗ ਹੋਈ, ਜਿਸ ਵਿਚ ਮਰਾਠੇ ਹਾਰ ਗਏ। ਉਪਰੰਤ ਅਹਿਮਦ ਸ਼ਾਹ ਨੇ ਦਿਲੀ ਨੂੰ ਰੱਜ ਕੇ ਲੁੱਟਿਆ ਅਤੇ 2200 ਨੌਜਵਾਨ ਸੁੰਦਰ ਲੜਕੀਆਂ ਕੈਦ ਕਰਕੇ ਵਾਪਿਸ ਤੁਰ ਪਿਆ। ਭਾਰਤ ਦੇ ਕਿਸੇ ਸੂਰਮੇ ਦੀ ਹਿੰਮਤ ਨਾ ਪਈ ਇਹਨਾਂ ਅਬਲਾਵਾਂ ਦੀ ਇਜ਼ਤ ਬਚਾਉਣ ਦੀ। ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਭਾਰਤ ਵਿਚ ਕੋਈ ਮਰਦ ਹੀ ਨਾ ਹੋਵੇ। ਜਦੋਂ ਕੋਈ ਸੂਰਮਾ ਨਾ ਨਿਤਰਿਆ ਤਾਂ ਇਹਨਾਂ ਲੜਕੀਆਂ ਦੇ ਮਾਪਿਆਂ ਨੇ ਖ਼ਾਲਸੇ ਦੀ ਸ਼ਰਨ ਵਿਚ ਆ ਕੇ ਬੇਨਤੀ ਕੀਤੀ। ਇਹਨਾਂ ਮਜ਼ਲੂਮਾਂ ਦੀ ਕਹਾਣੀ ਸੁਣ ਕੇ ਜੱਸਾ ਸਿੰਘ ਆਹਲੂਵਾਲੀਏ ਦਾ ਖੂਨ ਖੌਲ ਉਠਿਆ ਅਤੇ ਆਪਣੇ ਚੌਣਵੇਂ ਸਰਦਾਰਾਂ ਨੂੰ ਲੈ ਕੇ ਗੋਇੰਦਵਾਲ ਪਹੁੰਚ ਗਿਆ। ਜਿਉਂ ਹੀ ਦੁਰਾਨੀ ਬਿਆਸ ਦਰਿਆ ਪਾਰ ਕਰਨ ਲੱਗਿਆ ਤਾਂ ਖਾਲਸਾ ਫੌਜਾਂ ਉਸ ਉਪਰ ਟੁੱਟ ਪਈਆਂ। ਦੁਰਾਨੀਆਂ ਦੇ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਸਾਰੀਆਂ ਹਿੰਦੂ ਲੜਕੀਆਂ ਅਤੇ ਔਰਤਾਂ ਨੂੰ ਅਜ਼ਾਦ ਕਰਾ ਲਿਆ ਅਤੇ ਕੋਲੋਂ ਪੈਸੇ ਦੇ ਕੇ ਉਹਨਾਂ ਦੇ ਘਰੋਂ ਘਰੀਂ ਪਹੁੰਚਾਇਆ। ਇਸ ਘਟਨਾ ਤੋਂ ਬਾਅਦ ਜੱਸਾ ਸਿੰਘ ਬੰਦੀ ਛੋੜ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਲਾਹੌਰ ਤੇ ਕਬਜ਼ਾ ਤੇ 'ਸੁਲਤਾਨੁਲ ਕੌਮ' ਦਾ ਖਿਤਾਬ : ਸਤੰਬਰ 1761 ਵਿਚ ਜੱਸਾ ਸਿੰਘ ਨੂੰ ਪਤਾ ਲੱਗਿਆ ਕਿ ਖੁਆਜ਼ਾ ਉਬੈਦ ਖ਼ਾਨ ਨੇ ਸ੍ਰ. ਚੜ੍ਹਤ ਸਿੰਘ ਖਿਲਾਫ ਚੜਾਈ ਕੀਤੀ ਹੈ। ਖਬਰ ਮਿਲਦੇ ਸਾਰ ਹੀ ਸ੍ਰ. ਜੱਸਾ ਸਿੰਘ ਨੇ ਮਦਦ ਲਈ ਚੜਾਈ

ਕੀਤੀ। ਸ੍ਰ. ਜੱਸਾ ਸਿੰਘ ਦੇ ਆਉਣ ਦੀ ਖਬਰ ਸੁਣ ਕੇ ਉਬੈਦ ਖ਼ਾਨ ਤੋਪ ਖਾਨਾ ਤੇ ਕੀਮਤੀ ਸਮਾਨ ਛੱਡ ਕੇ ਭੱਜ ਗਿਆ ਸ੍ਰ. ਜੱਸਾ ਸਿੰਘ ਦੀ ਇਸ ਦੂਰ ਅੰਦੇਸ਼ੀ ਕਾਰਨ ਹੀ ਕੌਮ ਨੇ ਉਸ ਨੂੰ ਸੁਲਤਾਨੁਲ ਕੌਮ ਦੇ ਖਿਤਾਬ ਨਾਲ ਸਨਮਾਨਿਆ।

ਦੁਰਾਨੀ ਦਾ ਛੇਵਾਂ ਹੱਲਾ ਅਤੇ ਵੱਡਾ ਘਲੂਘਾਰਾ : ਜਦੋਂ ਸਿੰਘਾਂ ਨੇ ਜੰਡਿਆਲੇ ਦੇ ਮਹੰਤ ਆਕਲਦਾਸ ਨੂੰ ਆਪਣੀ ਈਨ ਮੰਨਣ ਲਈ ਕਿਹਾ ਤਾਂ ਉਸ ਨੇ ਇਕ ਆਦਮੀ ਭੇਜ ਕੇ ਅਹਿਮਦਸ਼ਾਹ ਨੂੰ ਸਿੰਘਾਂ ਉਪਰ ਹੱਲਾ ਕਰਨ ਲਈ ਬੇਨਤੀ ਕੀਤੀ। ਅਹਿਮਦ ਸ਼ਾਹ ਦੁਰਾਨੀ ਨੇ ਸਿੰਘਾਂ ਉਪਰ ਹਮਲਾ ਕਰਨ ਲਈ 3 ਫਰਵਰੀ 1762 ਨੂੰ ਚੜਾਈ ਕੀਤੀ ਅਤੇ ਨਾਲ ਹੀ ਸਰਹਿੰਦ ਦੇ ਫੌਜਦਾਰ ਨੂੰ ਸਿੰਘਾਂ ਤੇ ਹਮਲਾ ਕਰਨ ਲਈ ਕਿਹਾ। ਸਿੰਘ ਫੌਜਾਂ ਦੋਵੇਂ ਪਾਸਿਆਂ ਤੋਂ ਫੌਜਾਂ ਦੇ ਘੇਰੇ ਵਿਚ ਆ ਗਈਆਂ। ਇਸ ਤੋਂ ਇਲਾਵਾ ਸਿੰਘਾਂ ਨਾਲ ਉਹਨਾਂ ਦੇ ਪਰਿਵਾਰ ਵੀ ਸਨ। 5 ਫਰਵਰੀ 1762 ਨੂੰ ਸਿੰਘਾਂ ਉਪਰ ਕੁੱਪ ਰੋਹੀੜਾ ਪਿੰਡ ਨੇੜੇ ਹਮਲਾ ਕਰ ਦਿਤਾ ਖਾਲਸਾ ਬਹਾਦਰੀ ਨਾਲ ਲੜਿਆ। ਪਰੰਤੂ ਗਿਣਤੀ ਘੱਟ ਹੋਣ ਕਰਕੇ ਇਸ ਜੰਗ ਵਿਚ ਸਿੰਘਾਂ ਦਾ ਕਾਫੀ ਜਾਨੀ ਨੁਕਸਾਨ ਹੋਇਆ। ਲਗਭਗ 20-25 ਹਜ਼ਾਰ ਸਿੰਘ ਸਿੰਘਣੀਆਂ ਅਤੇ ਬੱਚੇ ਇਕ ਦਿਨ ਵਿਚ ਸ਼ਹੀਦ ਹੋਏ। ਅਹਿਮਦ ਸ਼ਾਹ ਜਾਣਦਾ ਸੀ ਕਿ ਸਿੰਘ ਬਦਲਾ ਲੈਣਗੇ, ਇਸ ਲਈ ਉਸ ਨੇ ਬਾਬਾ ਆਲਾ ਸਿੰਘ ਰਾਹੀਂ ਸਿੰਘਾਂ ਦਾ ਇਲਾਕਾ ਵਾਪਿਸ ਕਰਨ ਦੀ ਪੇਸ਼ਕਸ਼ ਕੀਤੀ ਜੋ ਸ੍ਰ. ਜੱਸਾ ਸਿੰਘ ਨੇ ਠੁਕਰਾ ਦਿਤੀ।

ਅਹਿਮਦ ਸ਼ਾਹ ਦੁਆਰਾ ਹਰਮੰਦਿਰ ਸਾਹਿਬ ਨੂੰ ਬਰੂਦ ਨਾਲ ਤੁੜਵਾਉਣਾ : ਜਦੋਂ ਦੁਰਾਨੀ ਦਾ ਸੁਲਾਹ ਸਫਾਈ ਵਾਲਾ ਮੰਤਰ ਨਾ ਚਲਿਆ ਤਾਂ ਉਹ ਭਾਰੀ ਫੌਜ ਲੈ ਕੇ 10 ਅਪ੍ਰੈਲ 1762 ਨੂੰ ਅੰਮ੍ਰਿਤਸਰ ਪਹੁੰਚਿਆ ਅਤੇ ਸਰੋਵਰ ਨੂੰ ਗੰਦ ਮੰਦ ਅਤੇ ਹੱਡੀਆਂ ਨਾਲ ਭਰਵਾ ਦਿਤਾ। ਹਰਮੰਦਿਰ ਸਾਹਿਬ ਨੂੰ ਬਰੂਦ ਨਾਲ ਉਡਵਾ ਦਿਤਾ। ਜਦੋਂ ਇਹ ਸਭ ਉਹ ਹੁੰਦਾ ਵੇਖ ਰਿਹਾ ਸੀ ਤਾਂ ਹਰਮੰਦਿਰ ਸਾਹਿਬ ਦੀ ਇਕ ਇੱਟ ਉਸਦੇ ਨੱਕ ਉਪਰ ਵੱਜੀ। (ਜੋ ਬਾਅਦ ਵਿਚ ਨਸੂਰ ਬਣ ਗਿਆ ਅਤੇ ਇਹੀ ਨਸੂਰ ਬਾਅਦ ਵਿਚ ਉਸਦੀ ਮੌਤ ਦਾ ਕਾਰਨ ਬਣਿਆ) ਜਦੋਂ ਖਾਲਸੇ ਨੂੰ ਆਪਣੇ ਪਵਿੱਤਰ ਅਸਥਾਨ ਦੀ ਬੇਅਦਬੀ ਦਾ ਪਤਾ ਚਲਿਆ ਤਾਂ ਹਰਮੰਦਿਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਣ ਦਾ ਮਤਾ ਪਾਸ ਹੋਇਆ। ਸਾਰੇ ਜਥਿਆਂ ਦੇ ਸਿੰਘ ਅੰਮ੍ਰਿਤਸਰ ਪਹੁੰਚੇ। ਅਹਿਮਦ ਸ਼ਾਹ ਅਬਦਾਲੀ ਵੀ ਚੜਾਈ ਕਰਕੇ ਅੰਮ੍ਰਿਤਸਰ ਆਇਆ। ਸਿੰਘਾਂ ਨੇ ਅਬਦਾਲੀ ਉਪਰ ਅੱਗੇ ਵਧ ਕੇ ਹਮਲਾ ਕੀਤਾ। ਸਾਰਾ ਦਿਨ ਲੜਾਈ ਚਲਦੀ ਰਹੀ। ਪਰੰਤੂ ਆਪਣੀ ਹਾਰ ਨੂੰ ਵੇਖ ਕੇ ਦੁਰਾਨੀ ਹਨੇਰੇ ਵਿਚ ਆਪਣੀਆਂ ਫੌਜਾਂ ਨੂੰ ਲੈ ਕੇ ਭੱਜ ਨਿਕਲਿਆ।

ਖਾਲਸਾ ਜੀ ਦਾ ਬ੍ਰਹਮਣੀ ਨੂੰ ਛੁਡਾਉਣਾ : 10 ਅਪ੍ਰੈਲ 1763 ਈ: ਦੀ ਵਿਸਾਖੀ ਨੂੰ ਕਈ ਜਥੇ ਅੰਮ੍ਰਿਤਸਰ ਪਹੁੰਚੇ ਹੋਏ ਸਨ। ਕਸੂਰ ਦੇ ਬ੍ਰਹਮਣ ਨੇ ਫਰਿਆਦ ਕੀਤੀ ਕਿ ਮੇਰੀ ਨਵ-ਵਿਆਹੀ ਵਹੁਟੀ ਕਸੂਰ ਦੇ ਹਾਕਮ ਉਸਮਾਨ ਖ਼ਾਨ ਨੇ ਖੋਹ ਲਈ ਹੈ। ਸਿੰਘਾਂ ਨੇ ਉਸਮਾਨ ਖ਼ਾਨ ਉਪਰ ਚੜਾਈ ਕਰਕੇ ਉਸ ਬ੍ਰਾਹਮਣ ਦੀ ਵਹੁਟੀ ਉਸਦੇ ਹਵਾਲੇ

ਕੀਤੀ।

ਇਸ ਉਪਰੰਤ ਇਕ ਵਾਰ ਫਿਰ ਸਿੰਘ ਨੇ ਸਰਹਿੰਦ ਉਪਰ ਹਮਲਾ ਕੀਤਾ ਅਤੇ ਚੰਗੀ ਲੁੱਟ ਮਾਰ ਕੀਤੀ। ਇਸ ਲੁਟੀ ਹੋਈ ਦੌਲਤ ਵਿਚੋਂ ਜੱਸਾ ਸਿੰਘ ਦੇ ਹਿੱਸੇ 9 ਲੱਖ ਰੁਪਿਆ ਆਇਆ, ਜੋ ਉਸ ਨੇ ਹਰਮੰਦਿਰ ਸਾਹਿਬ ਦੀ ਕਾਰ ਸੇਵਾ ਲਈ ਭੇਟ ਕਰ ਦਿੱਤਾ।

ਸਿੰਘਾਂ ਦਾ ਲਾਹੌਰ ਉਪਰ ਪੱਕਾ ਕਬਜ਼ਾ : 16 ਅਪ੍ਰੈਲ 1765 ਈ: ਨੂੰ ਸਿੰਘ ਲਾਹੌਰ ਦੇ ਕਿਲੇ ਦੀ ਕੰਧ ਪਾੜ ਕੇ ਅੰਦਰ ਦਾਖਲ ਹੋ ਗਏ। ਇਸ ਤਰ੍ਹਾਂ ਲਾਹੌਰ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ, ਕਿਉਂਕਿ ਇਹ ਰਾਜਧਾਨੀ ਸੀ ਇਸ ਦੀ ਜਿੱਤ ਨਾਲ ਪੰਜਾਬ ਉਪਰ ਸਿੰਘਾਂ ਦਾ ਕਬਜ਼ਾ ਹੋ ਗਿਆ। 23 ਮਾਰਚ 1765 ਨੂੰ ਦੁਰਾਨੀ ਵਾਪਿਸ ਆਪਣੇ ਦੇਸ਼ ਨੂੰ ਜਾਂਦਾ ਹੋਇਆ ਜਦੋਂ ਮਾਛੀਵਾੜੇ ਪੁੱਜਾ ਅਤੇ ਉਸ ਨੂੰ ਪਤਾ ਲੱਗਿਆ ਕਿ ਇਸ ਵਾਰ ਵਿਸਾਖੀ ਤੇ ਸਵਾ ਲੱਖ ਦੇ ਕਰੀਬ ਖ਼ਾਲਸਾ ਇਕੱਠਾ ਹੋਇਆ ਹੈ ਤਾਂ ਉਹ ਆਪਣਾ ਰਾਸਤਾ ਬਦਲ ਕੇ ਪਾਕਪਟਨ ਤੇ ਮੁਲਤਾਨ ਰਾਹੀਂ ਕੰਧਾਰ ਚਲਾ ਗਿਆ। ਇਸ ਤਰ੍ਹਾਂ ਜੱਸਾ ਸਿੰਘ ਦੀ ਅਗਵਾਈ ਵਿਚ ਖਾਲਸੇ ਨੇ ਦੁਰਾਨੀ ਨੂੰ ਵਖਤ ਪਾਈਂ ਰੱਖਿਆ।

ਸ੍ਰ. ਜੱਸਾ ਸਿੰਘ ਆਹਲੂਵਾਲੀਆ ਬਹੁਤ ਨਿਰਲੇਪ ਅਤੇ ਸੰਤੋਖੀ ਸੁਭਾਅ ਦਾ ਮਾਲਕ ਸੀ।ਆਪਣੀ ਜ਼ਿੰਦਗੀ ਦੇ ਅੰਤਿਮ ਚਾਰ ਪੰਜ ਸਾਲ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਵਿਚ ਹੀ ਲਗਾਏ। 10 ਅਕਤੂਬਰ ਸੰਨ 1783 ਵਿਚ ਅੰਮ੍ਰਿਤਸਰ ਦੇ ਨੇੜੇ ਆਪ ਜੀ ਚੜਾਈ ਕਰ ਗਏ ਅਤੇ ਆਪ ਜੀ ਦਾ ਅੰਤਿਮ ਸੰਸਕਾਰ ਅੰਮ੍ਰਿਤਸਰ ਵਿਚ ਹੀ ਕੀਤਾ ਗਿਆ।

5. ਸ. ਜੱਸਾ ਸਿੰਘ ਰਾਮਗੜ੍ਹੀਆ

ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛੱਕਣ ਵਾਲੇ ਉੱਘੇ ਗੁਰਸਿੱਖਾਂ ਵਿਚੋਂ ਇਕ ਭਾਈ ਹਰਦਾਸ ਸਿੰਘ ਜੀ "ਸੁਰ ਸਿੰਘ" ਪਿੰਡ ਦੇ ਰਹਿਣ ਵਾਲੇ ਸਨ ਅਤੇ ਇਥੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਸ਼ਾਮਲ ਹੋ ਬਜਵਾੜੇ ਦੀ ਲੜਾਈ ਵਿਚ ਬੜੀ ਸੂਰਮਗਤੀ ਨਾਲ ਲੜਦਿਆਂ ਸ਼ਹੀਦ ਹੋ ਗਏ। ਇਨ੍ਹਾਂ ਦੇ ਪੁੱਤਰ ਭਾਈ ਭਗਵਾਨ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ, ਬਾਣੀ ਦੇ ਪ੍ਰੇਮੀ ਅਤੇ ਨਿਤਨੇਮੀ ਸਿੱਖ ਸਨ। ਸੇਵਾ ਭਾਵਨਾ ਅਤੇ ਪਰਉਪਕਾਰ ਕਾਰਣ ਹਰਮਨ ਪਿਆਰੀ ਅਤੇ ਸਤਿਕਾਰੀ ਜਾਂਦੀ ਸ਼ਖਸ਼ੀਅਤ ਸਨ। ਉਨ੍ਹਾਂ ਦੇ ਪੰਜ ਪੁੱਤਰ ਸਨ, ਜਿਨ੍ਹਾਂ ਵਿਚੋਂ ਜੱਸਾ ਸਿੰਘ ਜੀ ਸਭ ਤੋਂ ਵੱਡੇ ਸਨ। ਇਨ੍ਹਾਂ ਦਾ ਜਨਮ 1723 ਈ: ਵਿਚ ਹੋਇਆ। ਗਿਆਨੀ ਭਗਵਾਨ ਸਿੰਘ ਜੀ ਨੇ ਸ਼ੁਰੂ ਤੋਂ ਹੀ ਸਾਰੇ ਬੱਚਿਆਂ ਦੀ ਧਾਰਮਿਕ ਅਤੇ ਸ਼ਸਤਰ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ।

ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਨੇ ਇਕ ਲੱਖ ਰੁਪਏ ਦੀ ਜਗੀਰ ਅਤੇ ਖਿੱਲਅਤ ਸਰਬਸੰਮਤੀ ਨਾਲ ਨਵਾਬ ਕਪੂਰ ਸਿੰਘ ਜੀ ਦੇ ਹਵਾਲੇ ਕੀਤੀ ਗਿਆਨੀ ਭਗਵਾਨ ਸਿੰਘ ਜੀ ਦੀ ਸੂਰਮਗਤੀ ਦੇ ਕਾਰਣ ਜ਼ਕਰੀਆ ਖ਼ਾਨ ਨੇ ਇਨ੍ਹਾਂ ਨੂੰ ਪੰਜਾਂ ਪਿੰਡਾਂ ਦੀ ਜਗੀਰ

ਭੇਟਾ ਕੀਤੀ। ਗਿਆਨੀ ਭਗਵਾਨ ਸਿੰਘ ਜੀ ਦੇ ਜੰਗ ਵਿਚ ਲੜਦਿਆਂ 1738 ਈ: ਵਿਚ ਸ਼ਹੀਦ ਹੋਣ ਉਪਰੰਤ 'ਵਲਾ' ਪਿੰਡ ਜੱਸਾ ਸਿੰਘ ਦੇ ਹਿੱਸੇ ਆਇਆ। ਇਥੇ ਹੀ ਇਸਨੇ ਰਾਜ ਪ੍ਰਬੰਧ ਕਰਨ ਦਾ ਤਜ਼ਰਬਾ ਹਾਸਲ ਕੀਤਾ। ਇਥੇ ਹੀ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨਾਲ ਮੁੱਠ ਭੇੜ ਹੋਈ, ਜਿਸ ਵਿਚ ਸ੍ਰ. ਜੱਸਾ ਸਿੰਘ ਦੀ ਜਿੱਤ ਹੋਈ।

1745 ਵਿਚ ਜ਼ਕਰੀਆ ਖ਼ਾਨ ਦੀ ਮੌਤ ਪਿੱਛੋਂ ਸਿੱਖਾਂ ਨੇ ਆਪਣੀ ਤਾਕਤ ਵਧਾ ਕੇ ਥਾਂ ਥਾਂ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ। ਸ੍ਰ. ਜੱਸਾ ਸਿੰਘ ਵੀ ਆਪਣੇ ਸਾਥੀਆਂ ਸਮੇਤ ਸ੍ਰ. ਨੰਦ ਸਿੰਘ ਸੰਘਾਰਾਣੀਏ ਦੇ ਜੱਥੇ ਵਿਚ ਸ਼ਾਮਲ ਹੋ ਗਿਆ। ਸਿੱਖਾਂ ਨੇ ਛੇਤੀ ਹੀ ਆਪਣੀ ਵਧਦੀ ਤਾਕਤ ਦਾ ਵਿਖਾਵਾ ਕਰਨ ਲਈ ਅਨੰਦਪੁਰ ਸਾਹਿਬ ਹੋਲਾ ਮਹੱਲਾ ਅਤੇ ਅੰਮ੍ਰਿਤਸਰ ਵਿਖੇ ਵਿਸਾਖੀ ਮਨਾ ਕੇ ਆਪਣੀ ਆਨ ਸ਼ਾਨ ਦੀ ਰਖਵਾਲੀ ਲਈ ਕਿਲਾ ਉਸਾਰਨ ਦਾ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਅਤੇ ਮਾੜੀ ਕੰਬੋਕੀ ਦੇ ਸੁੱਖਾ ਸਿੰਘ ਦੀ ਸਲਾਹ ਤੇ ਪਹਿਲਾ ਕਿਲਾ ਅੰਮ੍ਰਿਤਸਰ ਵਿਚ ਹੀ "ਰਾਮ ਰੌਣੀ" ਨਾਂ ਦਾ ਉਸਾਰਿਆ ਗਿਆ। ਇਸ ਕਿਲੇ ਦੀ ਉਸਾਰੀ ਵਿਚ ਸ੍ਰ. ਜੱਸਾ ਸਿੰਘ ਅਤੇ ਉਸਦੇ ਸਾਥੀਆਂ ਨੇ ਵਿਸ਼ੇਸ਼ ਰੂਪ ਵਿਚ ਹਿੱਸਾ ਲਿਆ। ਜਿਸ ਕਰਕੇ ਇਹਨਾਂ ਨੂੰ ਰਾਮਗੜ੍ਹੀਆ ਦਾ ਲਕਬ ਪ੍ਰਾਪਤ ਹੋਇਆ।

ਜਲੰਧਰ ਦੇ ਸੂਬੇਦਾਰ ਅਦੀਨਾ ਬੇਗ ਨੇ ਸਿੱਖਾਂ ਨਾਲ ਸਮਝੌਤਾ ਕਰਕੇ ਆਪਣੀ ਤਾਕਤ ਵਧਾਉਣ ਦਾ ਫੈਸਲਾ ਲਿਆ ਅਤੇ ਸਿੱਖਾਂ ਵੱਲ ਕਈ ਦੂਤ ਭੇਜੇ। ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੇ ਉਸ ਨਾਲ ਕਿਸੇ ਤਰ੍ਹਾਂ ਦੀ ਵੀ ਸਲਾਹ ਕਰਨ ਤੋਂ ਨਾਂਹ ਕਰ ਦਿੱਤੀ, ਪਰ ਜੱਸਾ ਸਿੰਘ ਰਾਮਗੜ੍ਹੀਏ ਨੇ ਸੁਲ੍ਹਾ ਦਾ ਸੱਦਾ ਪ੍ਰਵਾਨ ਕਰ ਲਿਆ।

ਅਦੀਨਾ ਬੇਗ ਅਤੇ ਜੱਸਾ ਸਿੰਘ ਦੋਵੇਂ ਹੀ ਆਪਣੀ ਆਪਣੀ ਗਰਜ਼ ਲਈ ਇਕ ਦੂਜੇ ਨੂੰ ਵਰਤਣਾ ਚਾਹੁੰਦੇ ਸਨ। ਜੱਸਾ ਸਿੰਘ ਬਾਰੇ ਆਮ ਤੌਰ ਤੇ ਇਹ ਖਿਆਲ ਕੀਤਾ ਜਾਂਦਾ ਹੈ ਕਿ ਉਹ ਮੁਗਲਾਂ ਦੇ ਵਿੱਚ ਰਹਿ ਕੇ ਉਨ੍ਹਾਂ ਦੀਆਂ ਸਿੱਖਾਂ ਪ੍ਰਤੀ ਸਾਜਿਸ਼ਾਂ ਅਤੇ ਮੁਗ਼ਲਈ ਫੌਜ ਦੇ ਲੜਾਈ ਦੇ ਤਰੀਕਿਆਂ ਤੋਂ ਜਾਣੂ ਹੋਣਾ ਚਾਹੁੰਦਾ ਸੀ। ਉਹ ਮੁਗ਼ਲਾਂ ਦੇ ਵਿਚ ਰਹਿ ਕੇ ਆਪਣੀ ਕੌਮ ਦੀ ਵਧੀਕ ਸੇਵਾ ਕਰ ਸਕਣ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਇਸੇ ਲਈ ਉਸਨੇ ਅਦੀਨਾ ਬੇਗ ਨੂੰ ਮਿਲਣ ਦਾ ਫੈਸਲਾ ਕਰ ਲਿਆ।

ਅਦੀਨਾ ਬੇਗ ਨੇ ਜੱਸਾ ਸਿੰਘ ਨੂੰ ਫੌਜ ਦਾ ਜਰਨੈਲ ਨਿਯੁਕਤ ਕੀਤਾ। ਇਸ ਸੁਨਿਹਰੇ ਮੌਕੇ ਦਾ ਫਾਇਦਾ ਉਠਾ ਕੇ ਜੱਸਾ ਸਿੰਘ ਨੇ ਮੁਗ਼ਲ ਫੌਜ ਵਿਚ ਆਪਣੀ ਪੋਜੀਸ਼ਨ ਪੱਕੀ ਕਰਨ ਅਤੇ ਸਿੱਖਾਂ ਨੂੰ ਵੱਧ ਤੋਂ ਵੱਧ ਫਾਇਦਾ ਪਹੁੰਚਾਉਣ ਦੀ ਪੂਰੀ ਵਾਹ ਲਾ ਦਿੱਤੀ। ਆਪਣਾ ਅਸਰ ਰਸੂਖ ਵਰਤ ਕੇ ਉਸਨੇ ਅਦੀਨਾ ਬੇਗ ਪਾਸੋਂ ਕਈ ਸਿੱਖਾਂ ਨੂੰ ਜਲੰਧਰ ਦੁਆਬੇ ਵੀ ਨਿਯੁਕਤ ਕਰਵਾਇਆ। ਇਸੇ ਸਮੇਂ ਉਸ ਨੇ ਦੀਵਾਨ ਕੌੜਾ ਮਲ ਜੋ ਲਾਹੌਰ ਦੇ ਸੂਬੇਦਾਰ ਦਾ ਵਜ਼ੀਰ ਸੀ, ਨਾਲ ਵੀ ਚੰਗਾ ਅਸਰ ਰਸੂਖ ਪੈਦਾ ਕਰ ਲਿਆ। ਮੁਗ਼ਲ ਹੁਕਮ ਦੇ ਮਜ਼ਬੂਰ ਕਰਨ ਤੇ ਉਸ ਨੂੰ ਸਿੱਖਾਂ ਨਾਲ ਦੋਸਤੀ ਖ਼ਤਮ ਕਰਨੀ ਪਈ ਤੇ ਉਲਟਾ ਉਸ ਨੂੰ ਸੂਬੇਦਾਰ ਦੀ ਮਰਜ਼ੀ ਅਨੁਸਾਰ ਸਿੱਖਾਂ ਉੱਤੇ ਸਖ਼ਤੀ ਕਰਨੀ ਪਈ।

ਇਸ ਕਰਕੇ ਸਿੱਖਾਂ ਨੂੰ ਜਲੰਧਰ ਦੁਆਬੇ ਵਿਚੋਂ ਨਿਕਲ ਕੇ ਜੰਗਲਾਂ ਅਤੇ ਪਹਾੜੀਆਂ ਵਿਚ ਜਾ ਕੇ ਲੁਕਣਾ ਪਿਆ। ਕੁਝ ਸਿਰ ਕੱਢ ਅਤੇ ਦਲੇਰ ਸਿੱਖ ਅੰਮ੍ਰਿਤਸਰ ਵਿਖੇ "ਰਾਮ ਰੌਣੀ" ਦੀ ਰਾਖੀ ਲਈ ਪਹੁੰਚ ਗਏ ਅਤੇ ਕਈ ਬਾਹਰੋਂ ਮਦਦ ਭੇਜਦੇ ਰਹੇ।

ਸਿੱਖਾਂ ਨੂੰ ਖ਼ਤਮ ਕਰਨ ਲਈ ਲਾਹੌਰ ਦੇ ਮੀਰ ਮੰਨੂੰ ਵਲੋਂ ਇਕ ਗਸ਼ਤੀ ਫੌਜ ਭੇਜਣ ਤੇ ਅਦੀਨਾ ਬੇਗ ਨੂੰ ਵੀ ਆਪਣੀ ਫੌਜ ਦੇ ਕੁਝ ਦਸਤੇ ਭੇਜਣੇ ਪਏ। ਜਿਨ੍ਹਾਂ ਵਿਚੋਂ ਜੱਸਾ ਸਿੰਘ ਦਾ ਦਸਤਾ ਵੀ ਸ਼ਾਮਲ ਸੀ। ਇਸ ਰਲੀ ਮਿਲੀ ਫੌਜ ਨੇ "ਰਾਮ ਰੌਣੀ" ਨੂੰ ਘੇਰਾ ਪਾ ਲਿਆ। ਲਗਾਤਾਰ ਚਾਰ ਮਹੀਨੇ ਦੇ ਸਖ਼ਤ ਘੇਰੇ ਕਾਰਣ ਕਿਲ੍ਹੇ ਵਿਚ ਘਿਰੇ ਸਿੱਖਾਂ ਕੋਲ ਰਾਸ਼ਣ ਬਿਲਕੁਲ ਮੁੱਕ ਗਿਆ ਤਾਂ ਸਿੱਖਾਂ ਨੇ ਕਿਲੇ ਵਿਚੋਂ ਨਿਕਲ ਜਾਣ ਦਾ ਫੈਸਲਾ ਕੀਤਾ। ਸਿੱਖਾਂ ਦੇ ਕਿਲਾ ਖਾਲੀ ਕਰਨ ਤੇ ਦੁਸ਼ਮਣ ਨੇ ਕਿਲਾ ਢਾਹ ਦੇਣਾ ਸੀ। ਜੱਸਾ ਸਿੰਘ ਨੇ ਸਿੱਖਾਂ ਦੀ ਆਨ ਤੇ ਸ਼ਾਨ ਦੇ ਪ੍ਰਤੀਕ ਇਕੋ ਕਿਲੇ ਦੀ ਹੋਂਦ ਨੂੰ ਖਤਰੇ ਵਿਚ ਪਿਆ ਮਹਿਸੂਸ ਕੀਤਾ ਤਾਂ ਯੋਗ ਮੌਕਾ ਦੇਖ ਕੇ ਆਪਣੇ ਸਾਰੇ ਜੱਥੇ ਸਮੇਤ ਕਿਲ੍ਹੇ ਵਿਚ ਜਾ ਵੜ੍ਹਿਆ ਤੇ ਉਸਦੀ ਰਖਿਆ ਦਾ ਸਾਰਾ ਭਾਰ ਆਪਣੇ ਜਿੰਮੇ ਲੈ ਕੇ ਕਿਲੇ ਵਿਚ ਘਿਰੇ ਸਿੱਖਾਂ ਦੇ ਉਤਸ਼ਾਹ ਨੂੰ ਅਥਾਹ ਵਧਾ ਦਿੱਤਾ।

ਉਧਰ ਜੱਸਾ ਸਿੰਘ ਵਰਗੇ ਉੱਘੇ ਜਰਨੈਲ ਦਾ ਮੁਗ਼ਲ ਫੌਜ ਵਲੋਂ ਪਾਸਾ ਫੇਰ ਲੈਣ ਨਾਲ ਲਾਹੌਰ ਸਰਕਾਰ ਦੀ ਫੌਜ ਬੜੀ ਨਿਰ ਉਤਸ਼ਾਹਿਤ ਹੋਈ, ਪਰ ਸਿੱਖਾਂ ਵਿਚ ਉਤਸ਼ਾਹ ਫੈਲ ਗਿਆ, ਕਿਉਂਕਿ ਉਨ੍ਹਾਂ ਉੱਤੇ ਆਇਆ ਅਤਿ ਬਿਖੜਾ ਸੰਕਟ ਜੱਸਾ ਸਿੰਘ ਦੀ ਗੁਰਸਿੱਖੀ, ਦੂਰ ਅੰਦੇਸ਼ੀ ਅਤੇ ਰਾਜਨੀਤਿਕ ਸਿਆਣਪ ਨਾਲ ਵਕਤ ਸਿਰ ਦਿੱਤੀ ਮਦਦ ਕਾਰਣ ਟਲ ਗਿਆ ਸੀ। ਇਸ ਨਾਲ ਉਸ ਨੇ ਗੁਰੂ ਪੰਥ ਪ੍ਰਤੀ ਆਪਣੀ ਕੁਰਬਾਨੀ ਭਰੀ ਸੋਚ ਦਾ ਵੀ ਅਕੱਟ ਸਬੂਤ ਦੇ ਦਿੱਤਾ। ਆਪਣਾ ਅਸਰ ਰਸੂਖ ਵਰਤ ਕੇ ਦੀਵਾਨ ਕੌੜਾ ਮਲ ਨੂੰ ਸੁਨੇਹੇ ਭੇਜ ਕੇ ਮੀਰ ਮਨੂੰ ਨੂੰ ਕਿਲੇ ਦਾ ਘੇਰਾ ਚੁਕਣ ਦੀ ਸਲਾਹ ਦੇਣ ਲਈ ਵੀ ਪ੍ਰੇਰ ਲਿਆ। ਦੀਵਾਨ ਕੌੜਾ ਮਲ ਨੇ ਅੱਗੇ ਆਪਣਾ ਅਸਰ ਰਸੂਖ ਵਰਤ ਕੇ ਸਿੱਖਾਂ ਅਤੇ ਲਾਹੌਰ ਸਰਕਾਰ ਵਿਚਕਾਰ ਸਮਝੌਤਾ ਕਰਾ ਦਿੱਤਾ। ਨਤੀਜੇ ਵਜੋਂ "ਰਾਮ ਰੌਣੀ" ਦਾ ਘੇਰਾ ਚੁਕਿਆ ਗਿਆ।

1749 ਵਿਚ ਫਿਰ ਮੀਰ ਮਨੂੰ ਨੇ ਸਿੱਖਾਂ ਨੂੰ ਬਿਲਕੁਲ ਹੀ ਖ਼ਤਮ ਕਰ ਦੇਣ ਦੇ ਉਦੇਸ਼ ਨਾਲ ਅਦੀਨਾ ਬੇਗ ਅਤੇ ਸਦੀਕ ਦੀ ਕਮਾਨ ਹੇਠ ਇਕ ਵੱਡੀ ਗਸ਼ਤੀ ਫੌਜ ਭੇਜੀ, ਜਿਨ੍ਹਾਂ ਤੇ ਥਾਂ ਥਾਂ ਤੇ ਸਿੱਖਾਂ ਨੂੰ ਖ਼ਤਮ ਕਰਨਾ ਸ਼ੁਰੂ ਕਰ ਦਿੱਤਾ। ਇਸ ਅਤਿ ਦੇ ਜ਼ੁਲਮ ਦੀ ਪ੍ਰੋੜਤਾ ਉਸ ਵੇਲੇ ਦਾ ਇਕ ਪੰਜਾਬੀ ਬੋਲ ਕਰਦਾ ਹੈ:-

"ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਇ।
ਜਿਉਂ ਜਿਉਂ ਮਨੂੰ ਵਢਦਾ, ਅਸੀਂ ਦੂਣ ਸਵਾਇ ਹੋਇ।"

ਸਿੱਖਾਂ ਉੱਤੇ ਸਖ਼ਤੀ ਦਾ ਸਭ ਤੋਂ ਪਹਿਲਾ ਨਿਸ਼ਾਨਾ ਰਾਮਗੜ੍ਹ ਹੀ ਹੋਇਆ ਕਰਦਾ ਸੀ ਸੋ ਸਰਕਾਰੀ ਫੌਜ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਉਸ ਸਮੇਂ ਜੱਸਾ ਸਿੰਘ ਦੀ ਕਮਾਨ ਹੇਠ ਉਥੇ 900 ਸਿੰਘ ਸਨ। ਦੁਸ਼ਮਣ ਦੀ ਬਹੁਤੀ ਫੌਜ ਕਾਰਣ ਉਹ ਲੜਦੇ ਲੜਦੇ

ਨਿਕਲ ਗਏ ਅਤੇ ਮਗਰੋਂ ਦੁਸ਼ਮਣ ਨੇ ਕਿਲ੍ਹਾ ਢੇਰੀ ਕਰ ਦਿੱਤਾ। ਮੌਕਾ ਮਿਲਣ ਤੇ ਸਿੰਘਾਂ ਨੇ ਜੱਸਾ ਸਿੰਘ ਜੀ ਦੀ ਅਗਵਾਈ ਵਿਚ ਕਿਲਾ ਮੁੜ ਉਸਾਰ ਲਿਆ।

ਮੀਰ ਮਨੂੰ ਉਪਰੰਤ ਤੈਮੂਰ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ। ਉਸ ਨੇ ਵੀ ਮੀਰ ਮਨੂੰ ਵਾਂਗ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਫੈਸਲਾ ਕਰਕੇ ਸਿੱਖਾਂ ਦੀ ਸ਼ਾਨ ਦੇ ਪ੍ਰਤੀਕ ਰਾਮਗੜ੍ਹ ਅਤੇ ਅੰਮ੍ਰਿਤਸਰ ਨੂੰ ਮਲੀਆ ਮੇਟ ਕਰਨ ਦੇ ਇਰਾਦੇ ਨਾਲ 1757 ਵਿਚ ਆ ਘੇਰਾ ਪਾਇਆ। ਸ੍ਰ. ਜੱਸਾ ਸਿੰਘ ਜੀ ਦੀ ਅਗਵਾਈ ਵਿਚ ਸਿੱਖਾਂ ਦੇ ਡਟ ਕੇ ਮੁਕਾਬਲਾ ਕਰਨ ਦੇ ਬਾਵਜੂਦ ਵੈਰੀ ਦੀ ਗਿਣਤੀ ਬਹੁਤੀ ਹੋਣ ਕਾਰਣ ਉਨ੍ਹਾਂ ਨੂੰ ਕਿਲਾ ਛੱਡ ਕੇ ਜੰਗਲ ਵੱਲ ਨਿਕਲਨਾ ਪਿਆ। ਹੰਕਾਰ ਵਿਚ ਅੰਨ੍ਹੇ ਹੋ ਕੇ ਵੈਰੀ ਦੀ ਫੌਜ਼ ਨੇ ਪਹਿਲੇ ਰਾਮਗੜ੍ਹ ਤੇ ਫਿਰ ਹਰਮੰਦਿਰ ਨੂੰ ਢਾਹ ਦਿੱਤਾ ਤੇ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ।

ਬਾਦ ਵਿਚ ਜਦੋਂ ਤੈਮੂਰ ਸ਼ਾਹ ਤੇ ਜਹਾਨ ਖ਼ਾਨ ਸਿੱਖਾਂ ਤੇ ਅਦੀਨਾ ਬੇਗ ਦੀ ਮਿਲਵੀਂ ਫੌਜ਼ ਹੱਥੋਂ ਹਾਰ ਕੇ ਅਫਗਾਨਿਸਤਾਨ ਦੌੜ ਗਏ ਤਾਂ ਅਦੀਨਾ ਬੇਗ ਨੇ ਲਾਹੌਰ ਦੀ ਹਕੂਮਤ ਸੰਭਾਲੀ, ਪਰ ਇਸ ਨੇ ਸਿੱਖਾਂ ਦੀ ਵਧੀ ਤਾਕਤ ਤੋਂ ਭੈ ਭੀਤ ਹੋ ਕੇ ਆਪਣਾ ਰਾਜ ਖੁਸਣ ਦੇ ਡਰੋਂ ਇਕ ਵਾਰ ਫਿਰ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਮੀਰ ਅਜ਼ੀਜ਼ ਬਖਸ਼ੀ ਨੂੰ ਫੌਜ ਦੇ ਕੇ ਭੇਜਿਆ, ਸਦਾ ਵਾਂਗ ਪਹਿਲਾ ਹਮਲਾ ਅੰਮ੍ਰਿਤਸਰ ਅਤੇ ਰਾਮਗੜ੍ਹ ਤੇ ਹੀ ਹੋਇਆ ਅਤੇ ਇਨ੍ਹਾਂ ਨੂੰ ਘੇਰੇ ਵਿਚ ਲੈ ਲਿਆ ਗਿਆ। ਅੰਦਰ ਜੱਸਾ ਸਿੰਘ ਦੇ ਨਾਲ ਜੈ ਸਿੰਘ ਕਨ੍ਹਈਆ ਵੀ ਮੌਜੂਦ ਸੀ। ਅਤਿਅੰਤ ਸੂਰਬੀਰਤਾ ਦਿਖਾਉਣ ਦੇ ਬਾਵਜੂਦ ਦੁਸ਼ਮਣ ਦੀ ਜ਼ਿਆਦਾ ਗਿਣਤੀ ਕਾਰਣ ਇਕ ਰਾਤ ਕਿਲੇ ਦੀ ਕੰਧ ਵਿਚ ਮਘੋਰਾ ਕਰਕੇ ਸਿੱਖ ਬਾਹਰ ਨਿਕਲ ਗਏ। ਦੁਸ਼ਮਣ ਨੇ ਫਿਰ ਕਿਲਾ ਮਿੱਟੀ ਵਿਚ ਮਿਲਾ ਦਿੱਤਾ।

5 ਫਰਵਰੀ 1762 ਨੂੰ ਮਲੇਰ ਕੋਟਲੇ ਦੇ ਨੇੜੇ ਕੁੱਪ-ਰਹੀੜੇ ਦੇ ਅਚਾਨਕ ਹਮਲੇ ਵਿਚ ਅਬਦਾਲੀ ਨੇ ਇਕੋ ਹੀ ਦਿਨ ਵਿਚ ਵੀਹ ਹਜ਼ਾਰ ਤੋਂ ਵੱਧ ਸਿੱਖ ਸ਼ਹੀਦ ਕਰ ਦਿੱਤੇ। ਇਸ ਭਾਰੀ ਸੱਟ ਨੂੰ ਸਹਿਣਾ ਸਿੱਖ ਕੌਮ ਲਈ ਬਹੁਤ ਮੁਸ਼ਕਿਲ ਸੀ, ਪਰ ਤਲਵਾਰਾਂ ਦੀ ਛਾਂ ਹੇਠ ਪਲੇ ਅਤੇ ਅਨੇਕਾਂ ਸਖਤੀਆਂ ਸਹਿ ਚੁੱਕੇ ਸਿੱਖ ਇਸ ਸੱਟ ਨੂੰ ਭਾਣੇ ਦੀ ਇਕ ਹੋਰ ਖੇਡ ਸਮਝ ਹੱਸ ਕੇ ਜਰ ਗਏ। ਅਬਦਾਲੀ ਨੂੰ ਪਤਾ ਸੀ ਕਿ ਸਿੱਖ ਅਚਨਚੇਤ ਹਮਲੇ ਵਿਚ ਕੁਥਾਏਂ ਫਸੇ ਸੰਜੋਗ ਨਾਲ ਹੀ ਨੁਕਸਾਨ ਕਰਾ ਗਏ ਹਨ, ਇਸ ਲਈ ਉਸਨੇ ਲਾਹੌਰ 3 ਮਾਰਚ 1762 ਨੂੰ ਵਾਪਸ ਪਹੁੰਚ ਕੇ ਹੀ ਸਾਹ ਲਿਆ ਅਤੇ 9 ਅਪ੍ਰੈਲ ਨੂੰ 1762 ਨੂੰ ਹਰਿਮੰਦਰ ਸਾਹਿਬ ਅਤੇ ਨਾਲ ਦੇ ਬੁੰਗੇ ਨੂੰ ਬਾਰੂਦ ਨਾਲ ਉਡਾਉਣ ਦਾ ਹੁਕਮ ਦਿੱਤਾ ਤੇ ਸਰੋਵਰ ਪੂਰਨਾ ਸ਼ੁਰੂ ਕਰ ਦਿੱਤਾ। ਅਚਾਨਕ ਇਕ ਰੋੜਾ ਉੱਡ ਕੇ ਉਸਦੇ ਨੱਕ ਤੇ ਲੱਗਾ ਤੇ ਜਖ਼ਮ ਹੋ ਗਿਆ। (ਅੰਤ ਇਸ ਫੋੜੇ ਨਾਲ ਹੀ 23 ਅਕਤੂਬਰ 1772 ਵਿਚ ਅਬਦਾਲੀ ਮਰ ਗਿਆ)

ਤਦ ਖਾਲਸੇ ਨੇ 16 ਅਕਤੂਬਰ 1762 ਨੂੰ ਦੁਰਾਨੀ ਨੂੰ ਸਬਕ ਸਿਖਾਉਣ ਲਈ ਅੰਮ੍ਰਿਤਸਰ ਵਿਖੇ ਇਕੱਠ ਕੀਤਾ। ਦੂਸਰੇ ਪਾਸਿਓ ਦੁਰਾਨੀ ਵੀ ਅੰਮ੍ਰਿਤਸਰ ਆ ਉਤਰਿਆ। 17 ਅਕਤੂਬਰ ਨੂੰ ਹੋਈ ਗਹਿਗੱਚ ਲੜਾਈ ਵਿਚ ਦੁਰਾਨੀ ਦੀ ਹਾਲਤ

ਬਹੁਤ ਮਾੜੀ ਹੋਈ। ਉਹ ਰਾਤ ਦੇ ਹਨੇਰੇ ਵਿਚ ਵਾਪਸ ਲਾਹੌਰ ਪਹੁੰਚਿਆ ਤੇ ਉਥੋਂ ਜਰੂਰੀ ਸਮਾਨ ਲੈ ਕੇ ਵਾਪਸ ਅਫਗਾਨਿਸਤਾਨ ਲਈ ਦੌੜ ਗਿਆ। ਉਸਦੇ ਵਾਪਸ ਜਾਣ ਦੀ ਦੇਰ ਸੀ ਕਿ ਦਿਸੰਬਰ 1762 ਵਿਚ ਸਿੱਖਾਂ ਨੇ ਪੰਜਾਬ ਵਿਚ ਅਬਦਾਲੀ ਦੇ ਨਿਯਤ ਕੀਤੇ ਹਾਕਮਾਂ ਨੂੰ ਥਾਂ ਪੁਰ ਥਾਂ ਸੋਧਣਾ ਸ਼ੁਰੂ ਕਰ ਦਿੱਤਾ। ਸਿੱਖਾਂ ਨੇ ਲੜਾਈ ਦਾ ਗੁਰੀਲਾ ਢੰਗ ਅਪਣਾ ਕੇ ਆਪਣੀ ਤਾਕਤ ਬੇਹੱਦ ਵਧਾ ਲਈ ਸੀ। 1764 ਵਿਚ ਅਬਦਾਲੀ ਨੇ ਸਰਹੰਦ ਪੁੱਜਣ ਤੇ ਉਜੜੀ ਸਰਹੰਦ ਨੂੰ ਵੇਖ ਕੇ ਸਿੱਖਾਂ ਨਾਲ ਮੁਕਾਬਲਾ ਕਰਨ ਦਾ ਫੈਸਲਾ ਕੀਤਾ। ਇਸ ਲੜਾਈ ਵਿਚ ਸਿੱਖਾਂ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਦੇ ਸੁਯੋਗ ਹੱਥਾਂ ਵਿਚ ਸੀ। ਇਨ੍ਹਾਂ ਦੀ ਦ੍ਰਿੜ, ਬੀਰਤਾ ਭਰੀ ਅਤੇ ਸੁਯੋਗ ਅਗਵਾਈ ਵਿਚ ਸਿੱਖਾਂ ਦੀ ਦਲੇਰੀ ਇੰਝ ਚਮਕੀ ਕਿ ਅਬਦਾਲੀ ਨੂੰ ਬੇਬਸ ਹੋ ਕੇ ਵਾਪਸ ਮੁੜਨਾ ਪਿਆ। ਗੁੱਸੇ ਵਿਚ ਅਬਦਾਲੀ ਨੇ ਮੁੜ 1767 ਵਿਚ ਲਾਹੌਰ ਅਤੇ ਅੰਮ੍ਰਿਤਸਰ ਤੇ ਹਮਲਾ ਕੀਤਾ। ਸਿੱਖ ਆਗੂਆਂ ਨੇ ਅਫ਼ਗਾਨਾਂ ਨੂੰ ਚੰਗੀ ਟੱਕਰ ਦਿਤੀ ਤੇ ਵਾਪਸੀ ਵੇਲੇ ਅਫਗਾਨ ਫੌਜਾਂ ਦੇ ਬਿਆਸ ਲੰਘਣ ਦੀ ਦੇਰ ਸੀ ਕਿ ਜੱਸਾ ਸਿੰਘ ਰਾਮਗੜ੍ਹੀਆ ਨੇ ਅਚਾਨਕ ਹਮਲਾ ਕਰਕੇ ਅਫਗਾਨ ਫੌਜ ਵਿਚ ਭਾਜੜ ਪਾ ਦਿੱਤੀ। ਗਹਿਗਚ ਲੜਾਈ ਵਿਚ ਜੱਸਾ ਸਿੰਘ ਆਹਲੂਵਾਲੀਆ ਜ਼ਖਮੀ ਹੋ ਗਿਆ। ਨੀਤੀ ਤੋਂ ਕੰਮ ਲੈਂਦਿਆਂ ਰਾਮਗੜੀਆ ਸਰਦਾਰ ਮੈਦਾਨ ਤੋਂ ਲਾਂਭੇ ਆ ਗਿਆ। ਉਸ ਨੇ ਇਸ ਅਨੋਖੇ ਢੰਗ ਨਾਲ ਅਬਦਾਲੀ ਨੂੰ ਪਰੇਸ਼ਾਨ ਕਰ ਦਿੱਤਾ। ਰਾਮਗੜੀਆ ਸਰਦਾਰ ਦੀਆਂ ਫੌਜਾਂ ਨੇ ਉਨ੍ਹਾਂ ਦਾ ਲੱਕ ਤੋੜ ਦਿੱਤਾ। ਅੰਤ ਅਬਦਾਲੀ ਰਾਮਗੜ੍ਹੀਆ ਸਰਦਾਰ ਤੋਂ ਤੰਗ ਆ ਕੇ ਵਾਪਸ ਮੁੜ ਗਿਆ। ਸਿੱਖਾਂ ਦੀ ਤਾਕਤ ਨੂੰ ਅਨੁਭਵ ਕਰਦਿਆਂ ਅਬਦਾਲੀ ਨੇ ਸਮਝੌਤਾ ਕਰਨਾ ਚਾਹਿਆ ਤਾਂ ਉਨ੍ਹਾਂ ਮਨ੍ਹਾ ਕਰ ਦਿੱਤਾ।

ਬਿਆਸ ਅਤੇ ਰਾਵੀ ਵਿਚਕਾਰਲੀਆਂ ਤਕਰੀਬਨ ਸਾਰੀਆਂ ਰਿਆਸਤਾਂ ਨੇ ਰਾਮਗੜੀਆ ਸਰਦਾਰ ਦੀ ਅਧੀਨਗੀ ਸਵੀਕਾਰ ਕਰ ਲਈ ਅਤੇ ਜਲੰਧਰ ਦੁਆਬੇ ਦੇ ਮੈਦਾਨੀ ਇਲਾਕੇ ਉੱਤੇ ਵੀ ਉਹ ਕਾਬਜ਼ ਹੋ ਗਿਆ ਤੇ ਸ੍ਰੀ ਹਰਿਗੋਬਿੰਦ ਪੁਰ ਨੂੰ ਆਪਣੀ ਰਾਜਧਾਨੀ ਬਣਾ ਕੇ ਰਾਜ ਪ੍ਰਬੰਧ ਚਲਾਇਆ। ਪਹਾੜੀ ਰਿਆਸਤਾਂ ਵਿਚੋਂ ਆਪਣੀ ਪ੍ਰਮੁੱਖਤਾ ਰੱਖਣ ਲਈ ਤਲਵਾੜਾ ਨਗਰ ਵਿਚ ਕਿਲਾ ਉਸਾਰਿਆ ਤੇ ਆਪਣੇ ਭਰਾ ਅਲੀ ਸਿੰਘ ਨੂੰ ਚਾਰ ਹਜ਼ਾਰ ਸਵਾਰ ਦੇ ਕੇ ਕਿਲ੍ਹੇਦਾਰ ਥਾਪਿਆ।

ਭਾਵੇਂ ਮਿਸਲਾਂ ਦੇ ਪਰਸਪਰ ਝਗੜਿਆਂ ਕਾਰਣ ਰਾਮਗੜ੍ਹੀਆ ਸਰਦਾਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਬੰਧ ਚੰਗੇ ਨਹੀਂ ਸਨ ਤਾਂ ਵੀ ਸਾਂਝੇ ਦੁਸ਼ਮਣ ਦੇ ਵਿਰੁੱਧ ਰਾਮਗੜ੍ਹੀਆ ਸਰਦਾਰ ਸਦਾ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਕਰਦਾ ਰਿਹਾ।

1796 ਵਿਚ ਸ਼ਾਹ ਜ਼ਹਾਨ ਲਾਹੌਰ ਤੱਕ ਆ ਪੁੱਜਾ ਤੇ ਉਸਨੇ ਸ੍ਰੀ ਅੰਮ੍ਰਿਤਸਰ ਤੇ ਹਮਲਾ ਕਰਨ ਦੀ ਵਿਉਂਤ ਬਣਾਈ। ਇਸ ਵੇਲੇ ਹੋਰ ਸਿੱਖ ਸਰਦਾਰਾਂ ਦੇ ਨਾਲ ਸ੍ਰ. ਜੱਸਾ ਸਿੰਘ ਵੀ ਪਵਿੱਤਰ ਸ਼ਹਿਰ ਦੀ ਰਖਿਆ ਲਈ ਪੁੱਜਾ ਤੇ ਬਚਾਓ ਵਿਚ ਵਧ ਚੜ੍ਹ ਕੇ ਹਿੱਸਾ ਲਿਆ।

1803 ਈ: ਨੂੰ 80 ਸਾਲ ਦੀ ਉਮਰ ਵਿਚ ਸ੍ਰ. ਜੱਸਾ ਸਿੰਘ ਜੀ ਚਲਾਣਾ ਕਰ ਗਏ। ਇਨ੍ਹਾਂ ਦਾ ਪੁੱਤਰ ਸ੍ਰ. ਜੋਧ ਸਿੰਘ ਕਾਫੀ ਯੋਗ-ਜਾ-ਨਸ਼ੀਨ ਸਾਬਤ ਹੋਇਆ। ਉਸ ਦੇ ਜੀਉਂਦੇ ਜੀਅ ਅਰਥਾਤ 1816 ਤੱਕ ਮਹਾਰਾਜਾ ਰਣਜੀਤ ਸਿੰਘ ਨਾਲ ਉਸ ਦੇ ਮਿੱਤਰਤਾ ਭਰੇ ਸਬੰਧ ਰਹੇ।

ਉਤਸ਼ਾਹੀ ਸਿੱਖਾਂ ਲਈ ਸ੍ਰ. ਜੱਸਾ ਸਿੰਘ ਰਾਮਗੜ੍ਹੀਏ ਦਾ ਜੀਵਨ ਹਮੇਸ਼ਾਂ ਹੀ ਇਕ ਚਾਨਣ ਮੁਨਾਰੇ ਦਾ ਕੰਮ ਦਿੰਦਾ ਰਹੇਗਾ।

ਫਿਲਾਸਫੀ

6. ਅਕਾਲ ਪੁਰਖ ਦੀ ਹਸਤੀ

ਅਕਾਲ ਭਾਵ ਸਮੇਂ ਤੋਂ ਪਾਰ, ਜਿਸ ਉੱਤੇ ਸਮੇਂ ਦਾ ਕਿਸੇ ਵੀ ਕਿਸਮ ਦਾ ਕੋਈ ਅਸਰ ਨਹੀਂ, ਪਰਮਾਤਮਾ ਲਈ ਵਰਤਿਆ ਗਿਆ ਬਹੁਤ ਹੀ ਢੁਕਵਾਂ ਨਾਮ ਹੈ।

ਸੰਸਾਰ ਵਿੱਚ ਪ੍ਰਭੂ ਦੀ ਹੋਂਦ ਜਾਂ ਹਸਤੀ ਬਾਰੇ ਅਨੇਕਾਂ ਤਰ੍ਹਾਂ ਦੇ ਵਿਚਾਰ ਮਿਲਦੇ ਹਨ। ਮਨੁੱਖ ਨੇ ਹੋਸ਼ ਸੰਭਾਲੀ ਤਾਂ ਕੁਦਰਤੀ ਤੱਤਾਂ ਮਿੱਟੀ, ਪਾਣੀ, ਧੁੱਪ (ਅਗਨੀ) ਹਵਾ ਆਦਿ ਨੂੰ ਜੀਵਨ ਚਲਾਉਣ ਵਾਲੀਆਂ ਵਿਸ਼ੇਸ਼ ਹਸਤੀਆ ਮੰਨ ਕੇ ਇਹਨਾਂ ਦੀ ਪੂਜਾ ਕਰਨ ਲੱਗਾ ਅਤੇ ਇਹਨਾਂ ਦਾ ਤਬਾਹੀ ਵਾਲਾ ਰੂਪ ਦੇਖ ਕੇ ਇਹਨਾਂ ਤੋਂ ਡਰਨ ਲੱਗਾ। ਕਿਹਾ ਜਾ ਸਕਦਾ ਹੈ ਕਿ ਇਹ ਪੂਜਾ ਡਰ ਅਤੇ ਲੋੜ ਵਿਚੋਂ ਪੈਦਾ ਹੋਈ ਸੀ ਇਸੇ ਕਾਰਣ ਬਾਅਦ ਵਿੱਚ ਇਹਨਾਂ ਸ਼ਕਤੀਆਂ ਦੇ ਪ੍ਰਤੀਕ ਅਲੱਗ ਅਲੱਗ ਦੇਵੀ ਦੇਵਤੇ ਹੋਂਦ ਵਿਚ ਆਉਣ ਲੱਗੇ। ਪਰ ਕੁਝ ਕੁ ਵਿਚਾਰਵਾਨਾ ਨੇ ਕੁਦਰਤ ਦੀਆਂ ਹੈਰਾਨੀ ਭਰੀਆਂ ਖੇਡਾਂ ਤੇ ਬਾਰੀਕੀਆਂ ਦੇਖ ਕੇ ਮਨੁੱਖ ਨੇ ਮਹਿਸੂਸ ਕੀਤਾ ਕਿ ਸਾਰੀ ਦੀ ਸਾਰੀ ਸ੍ਰਿਸ਼ਟੀ ਰਚਨਾ ਇੱਕ ਤਰਤੀਬ ਵਿੱਚ ਹੈ ਤੇ ਇਸਦੇ ਪਿਛੇ ਬਹੁਤ ਵੱਡੀ ਹਸਤੀ ਹੈ ਜੋ ਇਸ ਸਾਰੇ ਕੁਝ ਨੂੰ ਕੰਟਰੋਲ ਕਰਦੀ ਹੈ, ਪਰ ਉਸ ਹਸਤੀ ਬਾਰੇ ਵੀ ਵੱਖ ਵੱਖ ਵਿਚਾਰ ਦਿਤੇ ਗਏ ਜੋ ਅਨੇਕਾਂ ਮਜ਼ਹਬਾਂ ਦਾ ਆਧਾਰ ਬਣੇ। ਇਹਨਾਂ ਵੀਚਾਰਾਂ ਦੇ ਅਲੱਗ ਅਲੱਗ ਹੋਣ ਦਾ ਕਾਰਣ ਇਹੀ ਸੀ ਇਹਨਾਂ ਮੱਤਾਂ ਦੇ ਮੋਢੀਆਂ ਨੇ ਜਿਵੇਂ ਆਪ ਮਹਿਸੂਸ ਕੀਤਾ ਉਵੇਂ ਹੀ ਲੋਕਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ। ਕਿਸੇ ਨੇ ਰੱਬ ਨੂੰ ਦੂਰ ਸਤਵੇਂ ਆਕਾਸ਼ ਤੇ ਬੈਠਾ ਦੱਸਿਆ, ਕਿਸੇ ਨੇ ਕਲਪਿਤ ਸਵਰਗ ਲੋਕ ਵਿੱਚ ਬਠਾ ਦੱਸਿਆ ਜਿਥੋਂ ਉਹ ਸਮੇਂ ਸਮੇਂ ਅਵਤਾਰ ਲੈ ਕੇ ਧਰਤੀ ਤੇ ਉਤਰਦਾ ਰਹਿੰਦਾ ਹੈ। ਕਿਸੇ ਨੇ ਉਸਨੂੰ ਇਕੋ ਇਕ ਰੱਬ ਪਰ ਸਿਰਫ ਆਪਣੇ ਆਪ ਨੂੰ ਹੀ ਰੱਬ ਦਾ ਪੁੱਤਰ ਪ੍ਰਚਾਰਿਆ। ਇਸ ਤਰ੍ਹਾਂ ਕਈ ਰੂਪਾਂ ਵਿੱਚ ਇਹ ਪੂਜਾ ਚਲਦੀ ਰਹੀ।

ਭਾਵੇਂ ਬਹੁਤ ਸਾਰੇ ਮਹਾਂਪੁਰਸ਼ਾਂ ਜਿਵੇਂ ਫਰੀਦ, ਜੈਦੇਵ, ਨਾਮਦੇਵ, ਕਬੀਰ ਆਦਿਕ ਨੇ ਵੀ ਸਾਰੇ ਪਸਾਰੇ ਵਿਚ ਇੱਕੋ ਇੱਕ ਪ੍ਰਭੂ ਦੀ ਜੋਤ ਦਾ ਅਨੁਭਵ ਕਰਦਿਆਂ ਆਮ ਲੋਕਾਂ ਨਾਲ ਇਸ ਵੀਚਾਰ ਦੀ ਸਾਂਝ ਕੀਤੀ ਪਰ ਗੁਰੂ ਨਾਨਕ ਸਾਹਿਬ ਨੇ ਜਿਵੇਂ ਪੂਰੇ ਜ਼ੋਰ ਸ਼ੋਰ ਨਾਲ ਇੱਕ ਰੱਬ ਦਾ ਪ੍ਰਚਾਰ ਕੀਤਾ, ਉਹ ਆਪਣੇ ਆਪ ਵਿੱਚ ਬੇਮਿਸਾਲ ਹੈ। ਇਸ

ਪ੍ਰਚਾਰ ਨੇ ਇੱਕੋ ਝਟਕੇ ਨਾਲ ਸੰਸਾਰ ਵਿੱਚ ਫੈਲੀ ਮਨੁੱਖੀ ਵੰਡ ਅਤੇ ਜ਼ਾਤ ਪਾਤ ਦੀਆਂ ਸੈਂਕੜੇ ਸਾਲਾਂ ਤੋਂ ਪਈਆਂ ਬੇੜੀਆਂ ਨੂੰ ਹਿੱਲਾ ਕੇ ਰੱਖ ਦਿੱਤਾ। ਪ੍ਰਸਿੱਧ ਸ਼ਾਇਰ ਇਕਬਾਲ ਅਨੁਸਾਰ:

ਫਿਰ ਉਠੀ ਆਖਰ ਸਦਾਅ, ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ।
(ਇਕਬਾਲ)

ਇਕ ਰੱਬ ਦਾ ਸੰਕਲਪ : ਗੁਰੂ ਨਾਨਕ ਸਾਹਿਬ ਨੇ ਰੱਬ ਦਾ ਜੋ ਸੰਕਲਪ (Concept) ਦਸਿਆ ਉਹ ਹਿੰਦੁਸਤਾਨ ਦੇ ਪ੍ਰਚਲਤ ਅਨੇਕ ਈਸ਼ਵਰਵਾਦ (Polytheism), ਦੁਜੈਗੀ (Duality), ਤ੍ਰੈ ਮੂਰਤੀ (Trinity) ਤੋਂ ਵੱਖਰਾ ਤੇ ਵਿਸ਼ੇਸ਼ ਹੈ। ਗੁਰੂ ਸਾਹਿਬ ਨੇ ਪ੍ਰਭੂ ਨੂੰ ਵਾਹਦ ਇਕੋ ਇਕ ਹਸਤੀ ਦੱਸਿਆ ਹੈ-

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ (ਪੰਨਾ ਨੰ:੩੫੦)

ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ (ਪੰਨਾ ਨੰ:੮੩੯)

ਉਨ੍ਹਾਂ ਨੇ ਰੱਬ ਨੂੰ ਜਿਥੇ ਅਗੰਮ ਅਗੋਚਰ (ਅਪਹੁੰਚ) ਦਸਿਆ ਹੈ। ਉਥੇ ਉਸ ਨੂੰ ਸਰਬ ਵਿਆਪਕ ਤੇ ਅੰਤਰਜਾਮੀ ਕਿਹਾ ਜੋ ਸਿਰਜਣਹਾਰ ਹੈ, ਸਾਰੀ ਰਚਨਾ ਨੂੰ ਬਨਾਉਣ ਵਾਲਾ ਤੇ ਇਸੇ ਵਿਚ ਸਮਾਇਆ ਹੋਇਆ ਹੈ, ਸਾਰਿਆਂ ਦਾ ਪਾਲਣ ਵਾਲਾ ਵੀ ਹੈ ਤੇ ਸਭ ਦੀ ਮੌਤ ਵੀ ਉਸਦੇ ਹੱਥ ਹੈ। ਸੋ ਉਨ੍ਹਾਂ ਅਨੁਸਾਰ ਪੈਦਾ ਕਰਨ ਵਾਲਾ, ਪਾਲਣਵਾਲਾ ਤੇ ਮਾਰਣ ਵਾਲਾ ਵੱਖ-ਵੱਖ ਨਹੀਂ ਸਗੋਂ ਇਕੋ ਹੀ ਹਸਤੀ ਸਾਰਾ ਕੁਝ ਕਰਦੀ ਹੈ:

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥ ੧ ॥ (ਵਾਰ ਆਸਾ, ਪੰਨਾ : ੪੬੩)

ਐਸੇ ਅਕਾਲ ਪੁਰਖ ਨੂੰ ਗੁਰੂ ਸਾਹਿਬ ਨੇ ਆਪਣੇ ਮੁਢਲੇ ਉਪਦੇਸ਼ (ਮੂਲ ਮੰਤਰ) ਵਿਚ ਰੂਪ ਮਾਨ ਕੀਤਾ ਹੈ:-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਭਾਵ: ਪ੍ਰਭੂ ਸਭ ਵਿਚ ਵਿਆਪਕ ਸਦਾ ਕਇਮ ਰਹਿਣ ਵਾਲੀ ਇਕੋ ਇਕ ਹਸਤੀ ਹੈ, ਸਭ ਨੂੰ ਬਣਾਉਣ ਵਾਲਾ ਹੈ, ਨਿਰਭਉ ਤੇ ਨਿਰਵੈਰ ਹੈ, ਮੌਤ ਰਹਿਤ ਹੈ, ਜੂਨਾਂ ਵਿਚ ਨਹੀਂ ਆਉਂਦਾ, ਆਪਣੇ ਆਪ ਪ੍ਰਕਾਸ਼ਮਾਨ ਹੈ ਤੇ ਗੁਰੂ ਦੀ ਕਿਰਪਾ ਦੁਆਰਾ ਮਿਲਦਾ ਹੈ।

ਗੁਰਬਾਣੀ ਅੰਦਰ ਐਸੇ ਪ੍ਰਭੂ ਦੀ ਹਸਤੀ ਬਾਰੇ ਇੰਜ ਵਿਚਾਰਾਂ ਮਿਲਦੀਆਂ ਹਨ–

ਸਲੋਕੁ ॥ ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥

ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥ (ਪੰਨਾ : ੨੭੬)

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧॥ (ਪੰਨਾ : ੨੯੬)

ਐਸੇ ਘਟਿ ਘਟਿ ਬਿਆਪ ਰਹੇ ਭਗਵੰਤ ਨੂੰ ਹੀ ਮੰਨਣ ਦੀ ਪ੍ਰੇਰਨਾ ਗੁਰੂ ਸਾਹਿਬ ਕਰਦੇ ਹਨ,ਕਿਉਂਕਿ ਪ੍ਰਭੂ ਨੂੰ ਸਿਮਰ ਕੇ, ਲਗਾਤਾਰ ਯਾਦ ਕਰਕੇ ਹੀ ਮਨੁੱਖਾ ਜੀਵਨ ਦਾ ਮਨੋਰਥ (ਪ੍ਰਭੂ 'ਚ ਅਭੇਦ ਹੋਣਾ) ਪ੍ਰਾਪਤ ਹੋਣਾ ਹੈ।

ਰੱਬ ਦੀ ਪਰਿਭਾਸ਼ਾ : ਗੁਰੂ ਸਾਹਿਬ ਦੇ ਇਕ ਪ੍ਰਭੂ ਨੂੰ ਮੰਨਣ ਬਾਰੇ ਵਿਚਾਰ ਦੇਣ ਤੋਂ ਬਾਅਦ ਸੰਖੇਪ ਵਿਚ ਰੱਬ ਦੀ ਪਰਿਭਾਸ਼ਾ ਦੇਣ ਦੀ ਲੋੜ ਹੈ ਤਾਂ ਕਿ ਥੋੜੇ ਸ਼ਬਦਾਂ ਵਿਚ ਰੱਬ ਬਾਰੇ ਜਾਣਕਾਰੀ ਹੋ ਸਕੇ। ਭਾਵੇਂ ਕਿ ਆਮ ਚੀਜ਼ਾਂ ਦੀ ਪਰਿਭਾਸ਼ਾ ਦੇਣੀ ਵੀ ਅਨੇਕਾਂ ਵਾਰ ਕਠਿਨ ਹੋ ਜਾਂਦੀ ਹੈ, ਜਿਵੇਂ ਕਿ ਕੋਈ ਕਹੇ ਕਿ ਲਾਲ ਰੰਗ ਦੀ ਪਰਿਭਾਸ਼ਾ ਦਿਓ ਤਾਂ ਏਹੋ ਕਹਿਣਾ ਪਵੇਗਾ ਕਿ ਲਾਲ ਰੰਗ ਉਹੋ ਹੁੰਦਾ ਹੈ, ਜੋ ਲਾਲ ਹੋਵੇ, ਫਿਰ ਲਾਲ ਰੰਗ ਦੀ ਵਿਸਤਾਰਪੂਰਵਕ ਜਾਣਕਾਰੀ ਦੇਣੀ ਪਵੇਗੀ, ਪਰ ਰੱਬ ਦੀ ਪਰਿਭਾਸ਼ਾ, ਜੋ ਦਿਸਦਾ ਨਹੀਂ, ਜਿਸਨੂੰ ਗਿਆਨ ਇੰਦ੍ਰਿਆਂ ਨਾਲ ਜਾਣਿਆ ਨਹੀਂ ਜਾ ਸਕਦਾ, ਦੇਣੀ ਅਸੰਭਵ ਕੰਮ ਹੈ, ਕੇਵਲ ਉਸਦੇ ਖਾਸ ਖਾਸ ਗੁਣਾਂ ਨੂੰ ਸਾਹਮਣੇ ਰੱਖ ਕੇ ਇਕ ਬਹੁਤ ਹੀ ਅਧੂਰੀ ਜਿਹੀ ਪਰਿਭਾਸ਼ਾ ਦਿਤੀ ਜਾ ਸਕਦੀ ਹੈ ਕਿ–

"ਰੱਬ ਇਕ ਉਹ ਸਰਬ ਸ਼ਕਤੀਮਾਨ, ਸਰਬਵਿਆਪਕ, ਅੰਤਰਜਾਮੀ ਹਸਤੀ ਹੈ ਜਿਸਦਾ ਪਸਾਰਾ ਇਹ ਸਾਰਾ ਬ੍ਰਹਿਮੰਡ ਹੈ, ਅਤੇ ਜਿਹੜੀ ਇਸ ਸਾਰੇ ਬ੍ਰਹਿਮੰਡ ਨੂੰ ਆਪਣੇ ਹੁਕਮ (ਅਟੱਲ ਨਿਯਮਾਂ) ਅਨੁਸਾਰ ਚਲਾ ਰਹੀ ਹੈ।"

ਰੱਬ ਦਿਸਦਾ ਕਿਉਂ ਨਹੀਂ? : ਪ੍ਰਭੂ ਬਾਰੇ ਗੁਰੂ ਸਾਹਿਬ ਤੇ ਭਗਤਾਂ ਦੇ ਵਿਚਾਰ ਏਨੇ ਸਪਸ਼ਟ ਹਨ ਕਿ ਪ੍ਰਭੂ ਦੀ ਹੋਂਦ ਤੋਂ ਮੁਨਕਰ ਹੋਣ ਦਾ ਵਿਚਾਰ ਉਨ੍ਹਾਂ ਦੇ ਖਿਆਲ ਵਿਚ ਆ ਹੀ ਨਹੀਂ ਸਕਦਾ, ਉਹ ਪ੍ਰਭੂ ਨੂੰ ਬਿਲਕੁਲ ਪ੍ਰਤੱਖ ਦੇਖ ਰਹੇ ਹਨ ਤੇ ਉਨ੍ਹਾਂ ਅਨੁਸਾਰ ਉਸ ਤੋਂ ਬਿਨਾਂ ਕਿਸੇ ਚੀਜ਼ ਦੀ ਹੋਂਦ ਸੰਭਵ ਹੀ ਨਹੀਂ।

ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥ (ਪੰਨਾ : ੨੯੪)

ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥(੨੯੩)

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ (੧੩)

ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥ (ਪੰਨਾ : ੨੮੯)

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥ (ਪੰਨਾ : ੪੮੫)

ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ॥ (ਸਲੋਕੁ ਮਃ ੩ ॥, ਪੰਨਾ : ੫੦੯)

ਪਰ ਆਮ ਮਨੁੱਖ ਨੂੰ ਰੱਬ ਪ੍ਰਤੱਖ ਨਜ਼ਰੀ ਨਹੀਂ ਪੈਂਦਾ, ਜਿਸ ਕਾਰਣ ਉਹ ਰੱਬ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦਾ ਹੈ। ਮਨੁੱਖ ਰੱਬ ਨੂੰ ਹੋਰਨਾਂ ਵਸਤੂਆਂ ਵਾਂਗ ਆਪਣੇ ਗਿਆਨ ਇੰਦ੍ਰਿਆਂ ਰਾਹੀਂ ਦੇਖਣਾ, ਪਰਖਣਾ ਚਾਹੁੰਦਾ ਹੈ, ਆਪਣੇ ਮਾਪਦੰਡਾਂ ਅਨੁਸਾਰ ਮਿਣਨਾ ਚਾਹੁੰਦਾ ਹੈ, ਪਰ ਰੱਬ ਇਸ ਤਰ੍ਹਾਂ ਨਹੀਂ ਜਾਣਿਆ ਜਾ ਸਕਦਾ, ਕਿਉਂਕਿ ਮਨੁੱਖ ਦੇ ਗਿਆਨ ਪ੍ਰਾਪਤ ਕਰਨ ਦੇ ਸਾਧਨ ਸੀਮਿਤ ਹਨ, ਰੱਬ ਸਾਡੇ ਗਿਆਨ ਇੰਦਰਿਆਂ ਦੀ ਪਹੁੰਚ ਤੋਂ ਪਰੇ (ਅਗੋਚਰ) ਹੈ। ਜਿਸਦਾ ਭਾਵ ਹੈ ਕਿ ਰੱਬ ਗਿਆਨ ਇੰਦਰੀਆਂ (ਅੱਖਾਂ, ਨੱਕ, ਕੰਨ, ਜੀਭ ਤੇ ਚਮੜੀ) ਦੀ ਪਹੁੰਚ ਦੇਖਣਾ, ਸੁਨਣਾ, ਸੁੰਘਣਾ, ਚਖਣਾ ਤੇ ਛੋਹਣਾ ਤੋਂ ਬਾਹਰ ਹੈ। ਪ੍ਰਭੂ ਅਦ੍ਰਿਸ਼ਟ ਹੈ, ਨਜ਼ਰ ਨਹੀਂ ਪੈਂਦਾ ਪਰ ਹੈ ਜ਼ਰੂਰ, ਜਿਵੇਂ ਫੁੱਲ 'ਚ ਸੁਗੰਧੀ ਦਿਸਦੀ ਨਹੀਂ ਪਰ ਹੈ ਜ਼ਰੂਰ।

ਪ੍ਰਭੂ ਦੇ ਸਾਹਮਣੇ ਮਨੁੱਖ ਦੀ ਹਸਤੀ ਕਿਣਕੇ ਮਾਤਰ ਹੈ, ਸਾਰੇ ਬ੍ਰਹਿਮੰਡ ਵਿਚ ਵਿਆਪਤ ਹਸਤੀ ਨੂੰ ਇਕ ਜ਼ੱਰਾ ਕਿਵੇਂ ਜਾਣ ਸਕਦਾ ਹੈ? ਪ੍ਰਭੂ ਸਮੁੰਦਰ ਦੀ ਤਰ੍ਹਾਂ ਵਿਸ਼ਾਲ ਹੈ ਤੇ ਮਨੁੱਖ ਇਸ ਵਿਸ਼ਾਲ ਸਾਗਰ ਦੇ ਕਤਰੇ (ਬੂੰਦ) ਵਾਂਗ ਹੈ, ਬੂੰਦ ਪੂਰੇ ਸਮੁੰਦਰ ਨੂੰ ਨਹੀਂ ਵੇਖ ਸਕਦੀ ਕਿਉਂਕਿ ਉਸਦੀ ਹੋਂਦ ਹੀ ਬਹੁਤ ਛੋਟੀ ਹੈ।ਹਾਂ ਉਸਦਾ ਰੂਪ (ਪਾਣੀ) ਦੇਖਿਆ ਜਾ ਸਕਦਾ ਹੈ, ਪਰ ਪੂਰਾ ਸਾਗਰ ਨਹੀਂ।

ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ।

ਸਾਹਿਲ ਕੋ ਮੰਝਧਾਰ ਕੋ ਯਾ ਲਹਿਰ ਕੋ ਦੇਖੇ। (ਕਵੀ : ਅੱਲਾ ਯਾਰ ਖਾਂ ਜੋਗੀ)

ਮਨੁੱਖ ਅਗਿਆਨੀ ਹੈ, ਪ੍ਰਭੂ ਦਾ ਜ਼ਹੂਰ ਤਾਂ ਪਰਤੱਖ ਹੈ ਪਰ ਮਨੁੱਖ ਦੀ ਨਜ਼ਰ ਦੇਖਣ ਵਾਲੀ ਨਹੀਂ ਹੈ, ਉਸਦੇ ਅੰਦਰ ਅਗਿਆਨਤਾ ਦਾ ਘੁੱਪ ਹਨੇਰਾ ਹੈ, ਜਿਵੇਂ ਕਮਰੇ ਅੰਦਰ ਵਸਤੂਆਂ ਪਈਆਂ ਹੋਣ, ਪਰ ਰੌਸ਼ਨੀ ਨਾ ਹੋਵੇ ਜਾਂ ਮਨੁੱਖ ਹੀ ਅੰਨ੍ਹਾ ਹੋਵੇ ਤਾਂ ਕੁਝ ਵੀ ਨਹੀਂ ਦਿਸਦਾ, ਠੀਕ ਇਸੇ ਤਰ੍ਹਾਂ ਪ੍ਰਭੂ ਨੂੰ ਦੇਖਣ ਲਈ ਗੁਰ ਗਿਆਨ ਦੀ ਰੌਸ਼ਨੀ ਜਾਂ ਗਿਆਨ ਦੇ ਨੇਤਰਾਂ ਦੀ ਲੋੜ ਹੈ ਤਾਂ ਹੀ ਮਨੁੱਖ ਉਸਨੂੰ ਦੇਖ ਸਕਦਾ ਹੈ:–

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ ੧ (ਪੰਨਾ : ੫੭੭)

ਪਰ ਅੰਦਰਲੀਆ ਅੱਖਾਂ ਅੱਗੇ ਮਨੁੱਖ ਨੇ ਹਉਮੈਂ, ਅਗਿਆਨ, ਈਰਖਾ, ਦਵੈਸ਼ ਤੇ ਵਿਕਾਰਾਂ ਦੀਆਂ ਮੋਟੀਆਂ ਮੋਟੀਆਂ ਪੱਟੀਆ ਬੰਨੀਆਂ ਹੋਈਆਂ ਹਨ, ਰੱਬ ਦਿਸੇ ਤਾਂ ਕਿਵੇਂ?

ਜਿਵੇਂ ਇਕ ਕਾਮੀ ਪੁਰਸ਼ (ਜਿਸ ਅੰਦਰ ਕਾਮ ਦਾ ਵਿਕਾਰ ਪ੍ਰਬਲ ਹੈ) ਨੂੰ ਇਸਤਰੀਆਂ ਮਾਂ, ਧੀ, ਭੈਣ ਦੇ ਰੂਪ ਵਿਚ ਨਜ਼ਰ ਨਹੀਂ ਆਉਂਦੀਆਂ, ਪਰ ਜੇਕਰ ਉਸਦਾ ਅੰਦਰ ਠੀਕ ਹੋ ਜਾਵੇ (ਵਿਕਾਰ ਰਹਿਤ ਹੋ ਕੇ ਉਚੀ ਅਵਸਥਾ ਬਣੇ) ਤਾਂ ਧੀ ਭੈਣ ਦਾ ਰੂਪ ਆਮ ਇਸਤਰੀਆਂ ਚੋਂ ਹੀ ਨਜ਼ਰ ਆਵੇ। ਇੰਜ ਹੀ ਆਮ ਮਨੁੱਖ ਨੂੰ ਸੰਸਾਰ ਵਿਚੋਂ ਪ੍ਰਭੂ ਦਾ ਰੂਪ ਨਜ਼ਰ ਨਹੀਂ ਆਉਂਦਾ। ਜੇਕਰ ਉਸਨੂੰ ਆਪਣੇ ਵਸਦੇ ਪ੍ਰਭੂ ਦੀ ਸਮਝ ਆ ਜਾਵੇ ਤਾਂ ਸਭ ਕੁਝ ਵਿਚੋਂ ਪ੍ਰਭੂ ਦਾ ਰੂਪ ਹੀ ਦਿਸੇਗਾ:–

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥

(ਪੰਨਾ : ੯੨੨)

ਭਾਵੇਂ ਸਾਰੇ ਸੰਸਾਰ ਅੰਦਰ ਪ੍ਰਭੂ ਦੀ ਜੋਤ ਹੀ ਹੈ, ਪਰ ਪ੍ਰਭੂ ਦੀ ਹੋਂਦ ਭੌਤਿਕ ਗੁਣਾਂ ਤੋਂ ਪਰੇ ਹੈ, ਭੌਤਿਕ ਤਜ਼ਰਬਿਆਂ ਰਾਹੀਂ ਉਸਨੂੰ ਜਾਣਿਆ ਪਰਖਿਆ ਨਹੀਂ ਜਾ ਸਕਦਾ। ਮਨੁੱਖ ਦੇ ਸੀਮਤ ਵੱਟਿਆਂ ਨਾਲ ਅਸੀਮਤ ਨੂੰ ਨਹੀਂ ਤੋਲ ਸਕਦੇ-

ਅਤੁਲੁ ਕਿਉ ਤੋਲਿਆ ਜਾਇ ॥ ਦੂਜਾ ਹੋਇ ਤ ਸੋਝੀ ਪਾਇ ॥ (ਪੰਨਾ : ੭੯੭)

ਰੱਬ ਨੂੰ ਦਲੀਲਾਂ ਜਾਂ (ਮਨੁੱਖੀ ਬੋਲੀ ਦੇ) ਨਿਯਮਾਂ ਨਾਲ ਸਿੱਧ ਨਹੀਂ ਕੀਤਾ ਜਾ ਸਕਦਾ, ਕਿਉਂਕਿ ਰੱਬ ਇਨ੍ਹਾਂ ਦੀ ਪਕੜ ਵਿਚ ਨਹੀਂ, ਪ੍ਰਭੂ ਨੂੰ ਦੇਖਣ ਜਾਨਣ ਦਾ ਤਜ਼ਰਬਾ ਹਰੇਕ ਨੂੰ ਆਪ ਕਰਨਾ ਪਏਗਾ, ਇਹ ਕੋਈ ਦੂਜੇ ਨੂੰ ਵਿਖਾਉਣ ਦੀ ਸ਼ੈ ਨਹੀਂ (ਰੱਬ ਵਿਖਾਇਆ ਨਹੀਂ ਜਾ ਸਕਦਾ) ਹਰੇਕ ਨੂੰ ਗੁਰੂ ਮੁਰਸ਼ਦ ਦੇ ਦਸੇ ਅਨੁਸਾਰ ਜੀਵਨ ਬਣਾ ਕੇ ਪ੍ਰਭੂ ਨੂੰ ਅਨੁਭਵ ਕਰਨਾ ਹੈ ਤੇ ਉਸ ਅਨੁਭਵ ਨੂੰ ਪੂਰੀ ਤਰ੍ਹਾਂ ਬਿਆਨਿਆ ਨਹੀਂ ਜਾ ਸਕਦਾ, ਮਾਣਿਆ ਜ਼ਰੂਰ ਜਾ ਸਕਦਾ ਹੈ:-

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥੪॥੭॥੫੧॥ (੩੩੪)

ਜਿਵੇਂ ਇਕ ਸੁਹਾਗਣ ਇਸਤਰੀ ਪਤੀ ਦਾ ਸਾਥ ਮਾਣਦੀ ਹੈ ਅਤੇ ਦੂਜੀ ਕਿਸੇ ਇਸਤਰੀ ਨੂੰ ਉਸਦੀ ਸੋਝੀ, ਸੁਹਾਗਣ ਬਣੇ ਬਿਨਾ ਪ੍ਰਾਪਤ ਨਹੀਂ ਹੋਣੀ, ਠੀਕ ਇਸੇ ਤਰ੍ਹਾਂ ਰੱਬ ਨੂੰ ਪ੍ਰਾਪਤ ਕਰਨਾ ਨਿਜੀ ਰੂਹਾਨੀ ਤਜ਼ਰਬੇ ਨਾਲ ਸਬੰਧਤ ਹੈ ਜੋ ਹਰੇਕ ਨੂੰ ਆਪ ਕਰਨਾ ਪਏਗਾ। ਸੋ ਅਨੁਭਵ ਇਕ ਅਜਿਹਾ ਤਜ਼ਰਬਾ ਹੈ ਜੋ ਇਕ ਮਨੁੱਖ ਆਪ ਹੀ ਕਰ ਸਕਦਾ ਹੈ ਇਸ ਲਈ ਸਬੂਤ ਦੇਣਾ ਔਖਾ ਹੋ ਜਾਂਦਾ ਹੈ। ਪਰ ਉਹ ਇਸ ਬਾਰੇ ਸੇਧ ਦੇ ਸਕਦਾ ਹੈ, ਇਸ (ਅਨੁਭਵ) ਦੀਆਂ ਸਿਫਤਾਂ ਕਰ ਸਕਦਾ ਹੈ।

ਗੁਰੂ ਸਾਹਿਬ ਤੇ ਹੋਰ ਪ੍ਰਭੂ ਭਗਤ ਇਸ ਤਜ਼ਰਬੇ (ਅਨੁਭਵ) ਵਿਚੋਂ ਲੰਘੇ ਹੋਣ ਕਾਰਣ ਇਸ ਦੀ ਗਵਾਹੀ ਦੇਂਦੇ ਹਨ, ਆਮ ਮਨੁੱਖ ਨੂੰ ਉਨ੍ਹਾਂ ਦੀ ਗਲ ਮੰਨ ਕੇ ਉਸ ਅਨੁਸਾਰ ਆਚਰਣ ਕਰਨਾ ਹੀ ਠੀਕ ਰਾਹ ਹੈ। ਜਿਵੇਂ ਸਕੂਲ ਅੰਦਰ ਛੋਟਾ ਬੱਚਾ ਅਧਿਆਪਕ ਦਾ ਕਿਹਾ ਮੰਨ ਕੇ 4*8 = 32 ਨੂੰ ਪਹਿਲਾਂ ਯਾਦ ਕਰ ਲੈਂਦਾ ਹੈ ਤੇ ਫਿਰ ਵੱਡਾ ਹੋ ਕੇ ਉਸ ਨੂੰ ਅਮਲੀ ਤੌਰ ਤੇ ਸਮਝ ਜਾਂਦਾ ਹੈ, ਇਵੇਂ ਸਾਨੂੰ ਗੁਰੂਆਂ ਦੇ ਰੱਬ ਬਾਰੇ ਦਸੇ ਵਿਚਾਰ ਠੀਕ ਮੰਨਣੇ ਚਾਹੀਦੇ ਹਨ, ਕਿਉਂਕਿ ਉਨ੍ਹਾਂ ਦੀ ਬਾਣੀ ਨੂੰ ਮੰਨ ਕੇ ਅਨੇਕਾਂ ਅਨੇਕ ਮਨੁੱਖ ਸਚੇ ਪ੍ਰਭੂ ਦੇ ਰਾਹ ਤੇ ਚਲ ਕੇ " ਜੈਸਾ ਸੇਵੇ ਤੈਸਾ ਹੋਵੇ" ਦੇ ਕਥਨ ਅਨੁਸਾਰ ਆਪ ਅਕਾਲ ਪੁਰਖ ਦੇ ਗੁਣਾਂ ਦੇ ਧਾਰਣੀ ਹੋ ਨਿਰਭਉ, ਨਿਰਵੈਰ, ਪਰੋਪਕਾਰੀ, ਕੁਰਬਾਨੀ ਦੇ ਪੁੰਜ ਬਣ ਕੇ ਤੇ ਜੀਵਨ ਸਫਲਾ ਕਰਕੇ ਅਕਾਲ ਪੁਰਖ ਦੀ ਹਸਤੀ ਨੂੰ ਸਿੱਧ ਕਰ ਚੁਕੇ ਹਨ।

ਰੱਬ ਦੀ ਹੋਂਦ : ਭਾਵੇਂ ਵਿਗਿਆਨ ਦੀ ਆਰੰਭਕ ਤਰੱਕੀ ਸਮੇਂ ਬਹੁਤ ਸਾਰੇ ਮਨੁੱਖ ਰੱਬ ਤੋਂ ਮੁਨਕਰ ਹੋਣੇ ਸ਼ੁਰੂ ਹੋਏ ਪਰ ਜਿਉਂ ਜਿਉਂ ਇਸ ਅਸੀਮਤ ਬ੍ਰਹਿਮੰਡ ਦੀ ਖੋਜ ਹੋ ਰਹੀ ਹੈ, ਕੁਦਰਤ ਦੇ ਨਵੇਂ ਨਵੇਂ ਤੱਥ ਤੇ ਇਸ ਬ੍ਰਹਿਮੰਡ ਦੀਆਂ ਮਨੁੱਖੀ ਅਕਲ ਨੂੰ ਚਕ੍ਰਿਤ

ਕਰ ਦੇਣ ਵਾਲੀਆਂ ਗੱਲਾਂ ਸਾਹਮਣੇ ਆਉਣ ਨਾਲ ਬਹੁਤਿਆਂ ਦਾ ਰੱਬ ਦੀ ਹੋਂਦ ਬਾਰੇ ਵਿਸ਼ਵਾਸ ਪੱਕਾ ਹੁੰਦਾ ਜਾ ਰਿਹਾ ਹੈ, ਕਿਉਂਕਿ ਮਾਮੂਲੀ ਤੋਂ ਮਾਮੂਲੀ ਚੀਜ਼ ਵੀ ਬਿਨਾਂ ਕਾਰਣ, ਇਰਾਦੇ ਜਾਂ ਜਤਨ ਦੇ ਹੋਂਦ ਵਿਚ ਨਹੀਂ ਆਉਂਦੀ, ਤੇ ਇਤਨਾ ਵਿਸ਼ਾਲ ਬ੍ਰਹਿਮੰਡ ਕਿਵੇਂ ਹੋਂਦ ਵਿਚ ਆ ਗਿਆ ਤੇ ਇਸਦਾ ਪ੍ਰਬੰਧ ਬਿਨਾ ਕਿਸੇ ਹਸਤੀ ਦੇ ਕਿਵੇਂ ਚਲ ਸਕਦਾ ਹੈ?

ਇਸ ਬੇਅੰਤ ਗਗਨ ਅੰਦਰ ਕਰੋੜਾਂ ਸੂਰਜ, ਚੰਨ, ਤਾਰੇ ਬਿਨਾ ਥੱਧੇ ਤੇ ਪਟੜੀਆਂ ਜਾਂ ਸੜਕਾਂ ਵਿਛਾਏ, ਨੀਯਤ ਅਸੂਲਾਂ ਅਤੇ ਤਹਿਸ਼ੁਦਾ ਰਾਹਾਂ 'ਤੇ ਅਣਗਿਣਤ ਸਮੇਂ ਤੋਂ ਲਗਾਤਾਰ ਚਲੀ ਜਾ ਰਹੇ ਹਨ ਤੇ ਇਨ੍ਹਾਂ ਦਾ ਸੈਕਿੰਟਾਂ ਦੇ ਫਰਕ ਬਿਨਾਂ ਕਿਸੇ ਖਾਸ ਖਿੱਚ ਅਤੇ ਵਿੱਥ ਨਾਲ ਚਲੀ ਜਾਣਾ, ਕੀ ਕਿਸੇ ਮਨੁੱਖ ਦੀ ਅਕਲ ਦੀ ਕਾਢ ਹੈ ਜਾਂ ਆਪ ਮੁਹਾਰੇ ਹੈ? ਨਹੀਂ, ਇਹ ਉਸ ਬੇਅੰਤ ਕਾਰੀਗਰ ਦੀ ਕਾਰਾਗਿਰੀ ਦਾ ਕਮਾਲ ਹੈ।

ਕਰੋੜਾ ਜੀਵਾਂ ਦੇ ਪੈਦਾ ਹੋਣ ਦਾ ਢੰਗ, ਪਾਲਣ ਪੋਸਣ ਦਾ ਤਰੀਕਾ ਤੇ ਉਨ੍ਹਾਂ ਦੇ ਵੱਖ ਵੱਖ ਰੂਪ ਰੰਗ, ਆਕਾਰ ਬੋਲੀਆਂ ਤੇ ਖਾਣ ਪੀਣ ਰਹਿਣ ਸਹਿਣ ਦੇ ਤੌਰ ਤਰੀਕੇ, ਕੀੜਿਆਂ ਤੋਂ ਲੈ ਕੇ ਹਾਥੀ ਤੱਕ ਦੇ ਜੀਵਾਂ ਦੀਆਂ ਅਕਲ ਨੂੰ ਹੈਰਾਨ ਕਰ ਦੇਣ ਵਾਲੀਆਂ ਗਤੀਵਿਧੀਆਂ ਬਗੈਰ ਕਿਸੇ ਕਰਤੇ ਤੋਂ ਹਨ? ਨਹੀਂ ਨਹੀਂ ਬਲਕਿ ਇਹ ਸਾਰਾ ਕੁਝ ਕਰਤੇ ਦਾ ਕੁਦਰਤ ਦੇ ਰੂਪ ਵਿਚ ਜਹੂਰ (ਜਲਵਾ) ਪ੍ਰਗਟਾਉਂਦਾ ਹੈ। ਪ੍ਰਭੂ ਦੇ ਪਿਆਰੇ ਤਾਂ ਕੁਦਰਤ ਨੂੰ ਵੇਖਦੇ ਹੀ ਕਰਤੇ ਦੀ ਯਾਦ ਵਿਚ ਸਮਾ ਜਾਂਦੇ ਹਨ, ਰਚਨਹਾਰ ਨੂੰ ਪਰਤੱਖ ਦੇਖਦੇ ਹਨ।

ਚਚਾ ਰਚਿਤ ਚਿਤ੍ਰ ਹੈ ਭਾਰੀ ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥ (ਪੰਨਾ : ੩੪੦)

ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥ ੧ ॥ ਰਹਾਉ॥

(ਪੰਨਾ : ੪੬੯)

7. ਸੁਰਗ-ਨਰਕ

ਮੌਤ ਤੋਂ ਪਿੱਛੋਂ ਕੀ ਹੁੰਦਾ ਹੈ ? ਇਹ ਪ੍ਰਸ਼ਨ ਬੜਾ ਮਹੱਤਵਪੂਰਨ ਹੈ। ਇਸ ਦਾ ਸੌਖਾ ਤੇ ਸਹੀ ਉੱਤਰ ਉਹ ਆਦਮੀ ਦੇ ਸਕਦਾ ਹੈ, ਜੋ ਕਹੇ ਜਾਂਦੇ ਪ੍ਰਲੋਕ ਵਿਚੋਂ ਹੋ ਆਵੇ, ਪਰ ਅੱਜ ਤੀਕ ਉਥੋਂ ਕੋਈ ਨਹੀਂ ਆਇਆ। ਜਿਸ ਤਰ੍ਹਾਂ ਆਤਮਾ ਤੇ ਮੁਕਤੀ ਸੰਬੰਧੀ ਭਿੰਨ ਭਿੰਨ ਖਿਆਲ ਹਨ ਇਸੇ ਤਰ੍ਹਾਂ ਮਰਨ ਤੋਂ ਪਿਛੋਂ ਕੀ ਹੁੰਦਾ ਹੈ ? ਇਸ ਸੰਬੰਧੀ ਵੀ ਵੱਖੋ ਵੱਖਰੇ ਮੱਤ ਹਨ। ਹਿੰਦੋਸਤਾਨ ਦੇ ਪੁਰਾਣੇ ਹਿੰਦੂ ਮਤ ਵਿਚ ਸ਼ਿਵ ਲੋਕ, ਬ੍ਰਹਮ ਲੋਕ, ਇੰਦਰ ਪੁਰੀ ਤੇ ਸਵਰਗ-ਨਰਕ ਆਦਿਕ ਟਿਕਾਣੇ ਮੰਨੇ ਹਨ, ਜਿਥੇ ਜੀਵ ਕਰਮਾਂ ਅਨੁਸਾਰ ਜਾ ਕੇ ਟਿਕਦੇ ਹਨ। ਇਬਰਾਨੀ ਮੱਤਾਂ ਵਿਚੋਂ ਈਸਾਈ ਮੱਤ ਦਾ ਨਿਸਚਾ ਹੈ ਕਿ ਮਰਨ ਪਿੱਛੋਂ ਮਨੁੱਖ ਛੇਤੀ ਨਰਕ ਜਾਂ ਸੁਰਗ ਵਿਚ ਨਹੀਂ ਜਾਂਦਾ। ਇਸ ਵਿਚ ਇਕ ਵਿਚਕਾਰਲਾ ਮੰਡਲ ਹੈ, ਜਿਸ ਨੂੰ ਹੇਡਜ਼ ਲਾਈਫ ਕਹਿੰਦੇ ਹਨ, ਜੀਵ ਆਤਮਾ ਉਥੇ ਰਹਿੰਦੀ ਹੈ। ਇਸ ਮੰਡਲ ਵਿਚ ਜੀਵ ਉਤੇ ਈਸਾ ਦਾ, ਆਤਮਿਕ ਉੱਚਤਾ ਤੇ ਚਰਚ ਦਾ

ਅਸਰ ਕਾਇਮ ਰਹਿੰਦਾ ਹੈ। ਇਸ ਦਸ਼ਾ ਵਿਚ ਵੀ ਜੀਵ ਸਵਰਗ ਵਿਚ ਜਾ ਸਕਦਾ ਹੈ, ਕਿਉਂਕਿ ਜੀਵ ਦਾ ਨਰਕ ਵਿਚ ਰਹਿਣਾ ਰੱਬ ਦੀ ਮਰਜ਼ੀ ਦੇ ਵਿਰੁੱਧ ਹੈ। ਇਸਲਾਮ ਦਾ ਨਿਸਚਾ ਹੈ –"ਸਭ ਰੂਹਾਂ ਨੂੰ ਰੱਬ ਨੇ ਦੁਨੀਆ ਪੈਦਾ ਕਰਨ ਵੇਲੇ ਬਣਾ ਦਿਤਾ। ਉਹ ਆਪਣੀ ਮਰਜ਼ੀ ਅਨੁਸਾਰ ਇਹਨਾਂ ਨੂੰ ਭਿੰਨ ਭਿੰਨ ਸਰੀਰਾਂ ਵਿਚ ਪਾ ਦਿੰਦਾ ਹੈ। ਮਰਨ ਤੋਂ ਪਿਛੋਂ ਕਿਆਮਤ ਵਾਲੇ ਦਿਨ ਰੱਬ ਨੇ ਰੂਹਾਂ ਨੂੰ ਉਠਾਉਣਾ ਹੈ, ਫਿਰ ਅਮਲਾਂ ਦਾ ਹਿਸਾਬ ਹੋਵੇਗਾ। ਕਿਆਮਤ ਤੋਂ ਪਹਿਲਾਂ ਦੇ ਸਮੇ ਰੂਹਾਂ ਆਲਮੇ ਬਰਜ਼ਖ ਵਿਚ ਰਹਿੰਦੀਆਂ ਹਨ (ਜ਼ਮੀਨ ਤੇ ਅਸਮਾਨ ਦੇ ਵਿਚਕਾਰ) ਜਿਹੜੀਆਂ ਰੂਹਾਂ ਨੇ ਖੁਦਾ ਅਤੇ ਰਸੂਲ ਉਤੇ ਈਮਾਨ ਲਿਆਦਾ ਹੋਵੇਗਾ, ਉਹ ਬਹਿਸ਼ਤ ਵਿਚ ਭੇਜੀਆਂ ਜਾਣਗੀਆ ਤੇ ਬਾਕੀ ਦੀਆਂ ਦੋਜ਼ਖ ਦੀ ਅੱਗ ਵਿਚ ਸੜਨਗੀਆਂ।

ਪੌਰਾਣਿਕ ਹਿੰਦੂ ਮਤ ਨੇ ਸਵਰਗ ਨਰਕ ਦਾ ਬਹੁਤ ਵਰਣਨ ਕੀਤਾ ਹੈ। ਸ਼ੁਭ ਕਰਮ ਲਈ ਸਵਰਗ ਤੇ ਕੁਕਰਮ ਦਾ ਸਿੱਟਾ ਨਰਕ ਦਸਿਆ ਹੈ। ਵੱਖੋ ਵੱਖ ਨਰਕਾਂ ਦੀ ਗਿਣਤੀ ਭਿੰਨ ਭਿੰਨ ਦੱਸੀ ਹੈ। ਮਨੂ ਨੇ ਆਪਣੀ ਸਿਮ੍ਰਤੀ ਵਿਚ ਇੱਕੀ ਨਰਕਾਂ ਦਾ ਜ਼ਿਕਰ ਕੀਤਾ ਹੈ, ਪਰ ਬ੍ਰਹਮ ਵੈਵਰਤ ਦੇ ਪ੍ਰਕ੍ਰਿਤੀ ਖੰਡ ਅਧਿਆਇ 27 ਵਿਚ 86 ਨਰਕ ਲਿਖੇ ਹਨ। ਇਹਨਾਂ ਲਿਖਤਾਂ ਅਨੁਸਾਰ ਨਰਕ ਉਹ ਦੇਸ਼ ਹੈ ਜਿਥੇ ਪਾਪੀ ਜੀਵ ਕੁਕਰਮਾਂ ਦਾ ਫਲ ਭੁਗਤਣ ਲਈ ਭੇਜੇ ਜਾਂਦੇ ਹਨ।

ਸਵਰਗ ਲੋਕ ਨੂੰ ਦੇਵ ਲੋਕ ਵੀ ਆਖਦੇ ਹਨ। ਇਸ ਦੀਆਂ ਅੱਗੋਂ ਕਈ ਪੁਰੀਆਂ ਮੰਨੀਆਂ ਹਨ, ਪਰ ਇੰਦਰ ਪੁਰੀ, ਬ੍ਰਹਮ ਪੁਰੀ ਤੇ ਸ਼ਿਵਪੁਰੀ ਦਾ ਜ਼ਿਕਰ ਆਮ ਤੌਰ ਤੇ ਆਉਂਦਾ ਹੈ। ਗੁਰਬਾਣੀ ਇਨਾਂ ਪੁਰੀਆਂ ਨੂੰ ਤ੍ਰੈਗੁਣੀ ਮਾਇਆ ਵਾਲਾ ਧੋਖਾ, ਜੰਜਾਲ ਤੇ ਨਾਸ਼ਵੰਤ ਮੰਨਦੀ ਹੈ।

ਇਸਲਾਮ ਨੇ ਸਵਰਗ ਤੇ ਨਰਕ ਦੇ ਮੁਕਾਬਲੇ ਤੇ ਬਹਿਸ਼ਤ ਤੇ ਦੋਜ਼ਖ ਮੰਨੇ ਹਨ। ਇਸਲਾਮ ਮੱਤ ਅਨੁਸਾਰ ਮੋਮਨਾਂ ਨੂੰ ਕਿਆਮਤ ਤੋਂ ਪਿੱਛੋਂ ਖੁਦਾ ਦੇ ਹੁਕਮ ਨਾਲ ਖਲਦ (ਜੰਨਤ) ਨਸੀਬ ਹੋਣੀ ਹੈ। ਜਿਸ ਦੀ ਸਰਜ਼ਮੀਨ ਹਰਿਆਵਲ ਨਾਲ ਢੱਕੀ ਹੋਵੇਗੀ। ਉਥੇ ਸ਼ਹਿਦ ਦੀਆਂ ਨਦੀਆਂ ਵਗ ਰਹੀਆਂ ਹੋਣਗੀਆਂ। ਖਜ਼ੂਰ ਆਦਿ ਰਸਦਾਇਕ ਮੇਵੇ ਜੀਅ ਭਰਵੇਂ ਮਿਲਣਗੇ। ਤਹੂਰਾ ਨਾਂ ਦੀ ਸ਼ਰਾਬ ਪਿਆਲੇ ਭਰ ਭਰ ਮਿਲੇਗੀ ਤੇ ਗਿਲਮਾਨ (ਲੌਂਡੇਂ) ਤੇ ਹੂਰਾਂ ਸੇਵਾ ਵਿਚ ਤਤਪਰ ਰਹਿਣਗੀਆਂ।

ਗੁਰੂ ਸਾਹਿਬ ਨੇ ਸਿੱਖ ਨੂੰ ਸਵਰਗ ਦਾ ਕੋਈ ਲਾਲਚ ਅਤੇ ਨਰਕ ਦਾ ਕੋਈ ਭੈ ਨਹੀਂ ਦਿੱਤਾ। ਸਿੱਖ ਧਰਮ ਵਿਚ ਸਵਰਗ ਤੇ ਨਰਕ ਲਈ ਕੋਈ ਥਾਂ ਨਹੀਂ। ਗੁਰਮਤਿ ਸਵਰਗ ਤੇ ਨਰਕ ਦੋਵਾਂ ਨੂੰ 'ਬੰਧਨ' ਮੰਨਦੀ ਹੈ। ਗੁਰਮਤਿ, ਜੀਵਨ ਦਾ ਨਿਸ਼ਾਨਾ ਪ੍ਰਭੂ ਨਾਲ ਅਭੇਦਤਾ ਹਾਸਲ ਕਰਨੀ ਮੰਨਦੀ ਹੈ ।

ਭਿਸ਼ਤ-ਦੋਜ਼ਖ, ਨਰਕ-ਸੁਰਗ ਜਿਥੇ ਜਾ ਕੇ ਜੀਵ ਆਪਣੇ ਕਰਮਾਂ ਦਾ ਫਲ ਭੋਗਣਗੇ, ਅਰਥਾਤ ਸੁਰਗਾਂ ਵਿਚ ਆਨੰਦ ਲੈਣਗੇ ਤੇ ਨਰਕਾਂ ਵਿਚ ਕੋਹਲੂ ਪੀੜੇ ਜਾਣਗੇ, ਅਜਿਹੀਆਂ ਮੌਜਾਂ, ਜਾਂ ਦੁੱਖਾਂ ਦੀਆਂ ਥਾਵਾਂ ਗੁਰਮਤਿ ਅਨੁਸਾਰ ਕੋਈ ਨਹੀਂ ਹਨ। ਨਰਕ

ਸੁਰਗ ਦੇ ਖਿਆਲ ਗੁਰਬਾਣੀ ਵਿਚ ਕਈ ਥਾਈਂ ਆਏ ਹਨ, ਪਰ ਉਹ ਜਾਂ ਤਾਂ ਦੂਜੇ ਮੱਤਾ ਦੇ ਨਿਸਚਿਆਂ ਵੱਲ ਇਸ਼ਾਰੇ ਹਨ ਤੇ ਜਾਂ ਜਦ ਗੁਰੂ ਸਾਹਿਬ ਅਨਮਤਾਂ ਵਾਲਿਆਂ ਨੂੰ ਮੁਖਾਤਬ ਹੋ ਕੇ ਉਪਦੇਸ਼ ਕਰਦੇ ਸਨ ਤਾਂ ਉਹਨਾਂ ਅਨੁਸਾਰ ਹੀ ਸਿਖਿਆ ਦੇਂਦੇ ਸਨ। ਉਨ੍ਹਾਂ ਨੂੰ ਸਮਝਾਉਣ ਲਈ ਇਹਨਾਂ ਸ਼ਬਦਾ ਦੀ ਵਰਤੋਂ ਕੀਤੀ ਹੈ। ਅਕਾਲ ਪੁਰਖ ਨਾਲ ਅਭੇਦਤਾ ਪ੍ਰਾਪਤ ਕਰਕੇ ਉਸ ਵਿਚ ਲੀਨ ਹੋ ਜਾਣਾ ਸਿੱਖੀ ਦਾ ਸਵਰਗ ਹੈ ਤੇ ਆਵਾਗਵਨ ਦੇ ਚੱਕਰ ਵਿਚ ਪੈ ਕੇ ਮੁੜ ਜੂਨਾਂ ਵਿਚ ਪੈਣ ਨੂੰ ਗੁਰਮਤਿ ਨਰਕ ਮੰਨਦੀ ਹੈ। ਕਿਸੇ ਕਿਸੇ ਥਾਂ ਗੁਰੂ ਸਾਹਿਬ ਨੇ ਅਲੰਕਾਰ ਦੇ ਤੌਰ ਉਤੇ ਭੀ ਨਰਕ ਸੁਰਗ ਦੇ ਦੋ ਸ਼ਬਦ ਵਰਤੇ ਹਨ। ਭਾਵ ਇਹ ਹੈ ਕਿ ਇਸ ਦੁਨੀਆਂ ਵਿਚ ਜੀਵਨ ਦੀਆਂ ਚੰਗੀਆਂ ਮੰਦੀਆਂ ਹਾਲਤਾਂ ਨੂੰ ਦ੍ਰਿੜਾਉਣ ਵਾਸਤੇ। ਜਿਵੇਂ :

ਬੈਕੁੰਠ ਨਗਰੁ ਜਹਾ ਸੰਤ ਵਾਸਾ ॥ ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥ ੧ ॥

(ਪੰਨਾ ੭੪੨)

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥੨॥ (ਪੰਨਾ ੭੪੯)

ਤਹ ਬੈਕੁੰਠੁ ਜਹ ਨਾਮੁ ਉਚਰਹਿ ॥ (ਪੰਨਾ ੯੯੦)

ਸਵਰਗ ਦੇ ਅਖਰੀ ਅਰਥ ਹਨ ਸਵੈ-ਆਪਣਾ, ਅਰਗ-ਘਰ। ਇਸ ਤਰ੍ਹਾਂ ਸਵਰਗ ਦੇ ਅਰਥ ਹੋਏ ਆਪਣਾ ਘਰ, ਭਾਵ ਆਪਣੇ ਅਸਲ ਟਿਕਾਣੇ ਤੇ ਪਹੁੰਚਣਾ। ਆਪਣੇ ਅਸਲ ਰੂਪ ਦੀ ਪਹਿਚਾਣ ਕਰਨੀ। ਜੀਵ ਦਾ ਅਸਲ ਟਿਕਾਣਾ ਅਕਾਲ ਪੁਰਖ ਹੀ ਹੈ ਜਿਸ ਤੋਂ ਇਹ ਵਿਛੜਿਆ ਹੈ, ਜਿਸ ਤੋਂ ਇਹ ਪੈਦਾ ਹੋਇਆ, ਉਸ ਪ੍ਰਭੂ ਵਿਚ ਹੀ ਸਮਾ ਜਾਣਾ ਸਿੱਖੀ ਦਾ ਸਵਰਗ ਹੈ।

ਨਰਕ ਦੇ ਅਖਰੀ ਅਰਥ ਹਨ, ਨ-ਦਵੈਸ਼, ਅਰਗ-ਘਰ, ਅਰਥਾਤ ਨਰਕ-ਦਵੈਸ਼ ਰੂਪੀ ਘਰ, ਇਸ ਤਰ੍ਹਾਂ ਨਰਕ ਦਾ ਅਰਥ ਵਿਛੋੜੇ ਵਾਲੀ ਅਵਸਥਾ ਵਿਚ ਟਿਕਾਣਾ ਕਰਨਾ। ਅਕਾਲ ਪੁਰਖ ਤੋਂ ਵਿਛੜ ਕੇ ਸਦਾ ਕਲੇਸ਼, ਕਲਪਣਾ, ਨਫਰਤ ਅਤੇ ਸਾੜੇ ਨਾਲ ਭਟਕਣਾ, ਇਸੇ ਨੂੰ ਗੁਰਮਤਿ ਨੇ ਨਰਕ ਮੰਨਿਆ ਹੈ। ਸੋ ਗੁਰਬਾਣੀ ਵਿਚ ਆਏ ਸੁਰਗ ਨਰਕ ਦੇ ਸ਼ਬਦਾਂ ਦੇ ਅਰਥ ਕਰਨ ਲਗਿਆਂ ਇਨਾਂ ਗੁਰਮਤਿ ਸਿਧਾਤਾਂ ਨੂੰ ਧਿਆਨ ਵਿਚ ਰੱਖਣਾ ਅਤਿ ਜ਼ਰੂਰੀ ਹੈ।

ਨਰਕ ਸਵਰਗ ਦੀ ਵਾਸ਼ਨਾ ਤਾਂ ਹਿਤੁ ਆਸ਼੍ਰਿਤ ਹੀ ਹੁੰਦੀ ਹੈ ਤੇ ਹਉਮੈਂ ਅਤੇ ਸੁਆਰਥ ਲਈ ਕੀਤੇ ਗਏ ਚੰਗੇ ਤੋਂ ਚੰਗੇ ਕਰਮ ਵੀ ਵਿਕਾਰ ਹੀ ਗਿਣੇ ਜਾਂਦੇ ਹਨ। ਸਾਹਿਬ ਫੁਰਮਾਉਂਦੇ ਹਨ-

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥

ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥੨॥

ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ ॥

ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥੩॥

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥

ਨਾਨਕ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥੧॥ (ਪੰਨਾ : ੨੧੪)

ਇਸ ਲਈ ਗੁਰਸਿੱਖ ਨਰਕ ਸਵਰਗ ਦੇ ਖਿਆਲਾਂ ਨੂੰ ਆਪਣੇ ਤਸਵਰ ਵਿਚ ਕੋਈ ਥਾਂ ਨਹੀਂ ਦੇਂਦਾ। ਉਹ ਹਉਂ ਦਾ ਤਿਆਗ ਕਰਕੇ ਪਰਉਪਕਾਰ ਹਿਤ ਜੀਵਨ ਅਰਪਣ ਕਰਦਾ ਹੈ ਤੇ ਆਪਣੇ ਨਿਸ਼ਾਨੇ ਵੱਲ ਵਧਦਾ ਹੈ –

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥

ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥ ੧੨੦ ॥ (ਪੰਨਾ : ੧੩੭੦)

ਇਸ ਤਰ੍ਹਾਂ ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਗੁਰਮਤਿ ਅਨੁਸਾਰ ਨਰਕ ਸੁਰਗ ਨਾਂ ਦੇ ਕੋਈ ਵਿਸ਼ੇਸ਼ ਸਥਾਨ ਨਹੀਂ ਹਨ। ਇਸ ਵਿਚ ਭਲੇ ਲੋਕਾਂ ਦੀ ਸੰਗਤ ਅਤੇ ਪਰਮਾਤਮਾ ਦਾ ਨਾਂ ਹੀ ਸਵਰਗ ਸਮਝਿਆ ਹੈ ਅਤੇ ਜੋ ਇਨ੍ਹਾ ਤੋਂ ਦੂਰ ਹਨ ਉਨ੍ਹਾਂ ਨੂੰ ਨਰਕ ਦੇ ਧਾਰਣੀ ਕਿਹਾ ਗਿਆ ਹੈ।

੪. ਕਰਮ ਕਾਂਡ

ਕਰਮ ਕਾਂਡ ਹਿੰਦੂ ਸਭਿਆਚਾਰ ਨਾਲ ਸਬੰਧ ਰਖਦਾ ਹੈ। ਸ਼ਾਸਤਰ ਦਾ ਉਹ ਭਾਗ (ਕਾਂਡ) ਜਿਸ ਵਿਚ ਕਰਮ ਦਾ ਵਰਣਨ ਹੈ, ਭਾਵ ਕਿਹੜੇ ਕਰਮ ਜ਼ਰੂਰੀ ਹਨ ਅਤੇ ਕਿਹੜੇ ਮਨ੍ਹਾ, ਕਿਸ ਕਿਸ ਨੂੰ ਕਿਹੜੇ ਕਰਮ ਕਿਸ ਕਿਸ ਸਮੇਂ ਕਰਨੇ ਚਾਹੀਦੇ ਹਨ, ਇਹਨਾਂ ਦਾ ਵਰਨਣ ਹਿੰਦੂ ਸ਼ਾਸਤਰਾਂ ਵਿਚ ਹੈ।

ਸਤਿਗੁਰੂ ਜੀ ਦਾ ਉਪਦੇਸ਼ ਹੈ ਕਿ ਕਰਮਾਂ ਦੇ ਭਾਵ ਨੂੰ ਸਮਝ ਕੇ ਵਿਚਾਰ ਨਾਲ ਕਰਮ ਕਰਨੇ ਚਾਹੀਦੇ ਹਨ। ਵਿਖਾਵੇ ਨਾਲ ਕੀਤੇ ਕਰਮ ਅਥਵਾ ਲੋਕਾਂ ਦੇ ਫਸਣ ਲਈ ਕਰਮ ਜਾਲ ਦਾ ਫੈਲਾਉਣਾ ਉਤਮ ਨਹੀਂ। ਆਮ ਮਨੁੱਖ ਨਿਰੀਆਂ ਧਾਰਮਿਕ ਰਸਮਾਂ ਕਰਨ ਨੂੰ ਹੀ ਧਰਮ ਸਮਝ ਲੈਂਦਾ ਹੈ। ਇਹ ਰਸਮਾਂ ਪੂਰੀਆਂ ਕਰਕੇ ਆਪਣੇ ਥਾਂ ਇਹ ਮਨੌਂਤ ਬਣਾ ਲੈਂਦਾ ਹੈ ਕਿ ਮੈਂ ਧਰਮੀ ਬਣ ਰਿਹਾ ਹਾਂ। ਵੇਖਣਾ ਇਹ ਹੁੰਦਾ ਹੈ ਕਿ ਅਜਿਹੀ ਕਿਸੇ ਮਿਥੀ ਹੋਈ ਧਾਰਮਿਕ ਰਸਮ ਜਾਂ ਕਰਮ ਦੇ ਕਰਨ ਨਾਲ ਜੀਵਨ ਵਿਚ ਕੋਈ ਫਰਕ ਪਿਆ ਹੈ ਜਾਂ ਨਹੀਂ। ਕੋਈ ਭੈੜੀ ਵਾਦੀ ਅੱਗੇ ਨਾਲੋਂ ਕਮਜ਼ੋਰ ਹੋਈ ਹੈ ਜਾਂ ਨਹੀਂ।

ਸਿੱਖੀ ਵਿਚ ਚਾਰ ਸੰਸਕਾਰਾਂ ਤੋਂ ਛੁੱਟ ਕਿਸੇ ਭੀ ਧਾਰਮਿਕ ਰਸਮ ਜਾਂ ਕਰਮ ਨੂੰ ਮਾਨਤਾ ਨਹੀਂ ਹੈ। ਉਨ੍ਹਾਂ ਚਾਰ ਸੰਸਕਾਰਾਂ ਵਿਚ ਕੁਦਰਤੀ ਜੀਵਨ ਦੀਆਂ ਸੁਭਾਵਿਕ ਘਟਨਾਵਾਂ ਨੂੰ ਹੀ ਸਭਿਆਚਾਰਕ ਅਰਥ ਦਿਤੇ ਹਨ। ਇਸੇ ਲਈ ਸਿੱਖੀ ਨਵੇਂ ਵਿਗਿਆਨਕ ਯੁਗ ਦਾ ਬਿਲਕੁਲ ਨਵੀਨ ਤੇ ਨਰੋਆ ਧਰਮ ਹੈ ਜਿਸ ਵਿਚ ਰੀਤਾਂ ਰਸਮਾਂ ਨੂੰ ਕੋਈ ਥਾਂ ਨਹੀਂ। ਕਿਉਂ ਜੁ ਸਿੱਖਾਂ ਦੀ ਬਹੁ-ਗਿਣਤੀ ਬ੍ਰਾਹਮਣੀ ਵਿਚਾਰਧਾਰਾ ਨਾਲ ਖਹਿ ਰਹੀ ਹੈ, ਇਸ ਤੋਂ ਬਚਣ ਲਈ ਜ਼ਰੂਰੀ ਹੈ ਇਸ ਦੀ ਥੋੜ੍ਹੀ ਜਿਹੀ ਵਾਕਫੀ ਹੋਵੇ ਤਾਂ ਜੁ ਇਸ ਦਾ ਖੋਖਲਾਪਨ ਉਜਾਗਰ ਹੋਵੇ ਅਤੇ ਸਿੱਖ ਇਸ ਤੋਂ ਬਚ ਸਕਣ ਅਤੇ ਆਪਣੇ ਨਰੋਏ ਸਮਾਜ ਦੀ ਉਸਾਰੀ ਵਿਚ ਸਹੀ ਯੋਗਦਾਨ ਦੇ ਸਕਣ।

ਵਰਤ:-

ਲੋਕ ਵਰਤ ਰਖਦੇ ਹਨ, ਤੀਰਥ ਇਸ਼ਨਾਨ ਕਰਦੇ ਹਨ, ਦੇਵਤਿਆਂ ਦੀ ਪੂਜਾ ਕਰਦੇ ਹਨ, ਮੱਥੇ ਉਤੇ ਤਿਲਕ ਲਾਂਦੇ ਹਨ, ਮਾਲਾ ਫੇਰਦੇ ਹਨ, ਧੋਤੀ ਪਹਿਨਦੇ ਹਨ, ਚੌਂਕੇ ਦੀ ਸੁੱਚ ਦਾ ਬਹੁਤ ਧਿਆਨ ਰਖਦੇ ਹਨ- ਇਹ ਸਾਰੇ ਕਰਮ ਕਰਦੇ ਹੋਏ ਸਮਝਦੇ ਹਨ ਕਿ ਅਸੀਂ ਧਰਮ ਕਮਾ ਰਹੇ ਹਾਂ। ਪਰ ਕਰਮ ਤਾਂ ਇਥੇ ਹੀ ਰਹਿ ਜਾਣੇ ਹਨ। ਵੇਖਣਾ ਤਾਂ ਸਿਰਫ ਇਹ ਹੈ ਕਿ ਕੀ ਇਨ੍ਹਾਂ ਕਰਮਾਂ ਰਾਹੀਂ ਆਤਮਕ ਜੀਵਨ ਉੱਚਾ ਬਣ ਰਿਹਾ ਹੈ? ਉੱਚੇ ਆਤਮਕ ਜੀਵਨ ਦੇ ਸੰਸਕਾਰ ਹੀ ਸਦਾ ਸਾਥ ਨਿਭਣ ਵਾਲੇ ਸਾਥੀ ਹਨ। ਕੀ ਮਨ ਸੰਤੋਖੀ ਹੋ ਰਿਹਾ ਹੈ? ਕੀ ਪਰਮਾਤਮਾ ਨਾਲ ਸਿਮਰਨ ਦੀ ਸਾਂਝ ਬਣ ਰਹੀ ਹੈ? ਕੀ ਜ਼ਰੂਰਤ ਮੰਦ ਤੇ ਦੁਖੀਆਂ ਵਾਸਤੇ ਹਿਰਦੇ ਵਿਚ ਦਇਆ ਪੈਦਾ ਹੋ ਰਹੀ ਹੈ? ਸਾਡੀ ਸਹਿਣ-ਸ਼ਕਤੀ ਵਧ ਰਹੀ ਹੈ? ਕੀ ਪਰਮਾਤਮਾ ਦੀ ਰਚੀ ਦੁਨੀਆਂ ਨਾਲ ਪਿਆਰ ਵਧ ਰਿਹਾ ਹੈ।

ਸੱਚੇ ਗੁਰੂ ਦੀ ਸ਼ਰਨ ਪੈ ਕੇ, ਗੁਰੂ ਦੀ ਦੱਸੀ ਜਾਚ ਤੇ ਤੁਰ ਕੇ ਪਰਮਾਤਮਾ ਦਾ ਸਿਮਰਨ ਕੀਤਿਆਂ ਪਰਮਾਤਮਾ ਨਾਲ ਸਾਂਝ ਬਣਦੀ ਹੈ। ਪਰਮਾਤਮਾ ਨਾਲ ਸਾਂਝ ਬਨਣ ਦੇ ਬਾਅਦ ਹੀ ਮਨੁੱਖ ਦੇ ਅੰਦਰ ਉਚੇ ਆਤਮਕ ਜੀਵਨ ਵਾਲੇ ਗੁਣ ਪੈਦਾ ਹੁੰਦੇ ਹਨ ਅਤੇ ਮਨੁੱਖ ਨੂੰ ਵਿਕਾਰਾਂ ਦੇ ਹੱਲਿਆਂ ਤੋਂ ਬਚਾਂਦੇ ਹਨ। ਵਰਤ ਰਖ ਕੇ ਕਦੇ ਕਦੇ ਰੋਟੀ ਨਾ ਖਾਣ ਨਾਲ ਸਰੀਰਕ ਅਰੋਗਤਾ ਨੂੰ ਤਾਂ ਮਦਦ ਮਿਲ ਸਕਦੀ ਹੈ,ਪਰ ਆਤਮਕ ਅਰੋਗਤਾ ਪ੍ਰਾਪਤ ਕਰਨ ਲਈ ਇਹ ਸਾਰੇ ਕਰਮ ਨਿਸਫਲ ਹਨ।ਪਰਮਾਤਮਾ ਦਾ ਸਿਮਰਨ ਹੀ ਆਤਮਕ ਅਰੋਗਤਾ ਪ੍ਰਾਪਤ ਕਰਨ ਦਾ ਇਕ ਤਰੀਕਾ ਹੈ।ਸਿਮਰਨ ਹੀ ਅਸਲੀ ਵਰਤ ਹੈ।

ਵਰਤ, ਰੋਜ਼ਾ, ਤੀਰਥ-ਇਸ਼ਨਾਨ, ਦੇਵੀ-ਦੇਵਤਿਆਂ ਦੀ ਪੂਜਾ, ਵਿਖਾਵੇ ਦੀ ਨਿਮਾਜ਼ ਆਦਿ ਵਿਖਾਵੇਂ ਦੇ ਕਰਮ ਪਰਮਾਤਮਾ ਨਾਲ ਸਾਂਝ ਨਹੀਂ ਬਣਾ ਸਕਦੀ। ਇਸ ਲਈ ਇਹਨਾਂ ਦਾ ਕਰਨਾ ਵਿਅਰਥ ਹੈ।

ਸੁੱਚਾ ਚੌਕਾ :-

ਕੁਝ ਲੋਕ ਸੋਨੇ ਤੇ ਚਾਂਦੀ ਨੂੰ ਪਵਿਤਰ ਸਮਝਦੇ ਹਨ। ਉਹ ਪਿੱਤਲ, ਕੈਂਹ ਆਦਿ ਦੇ ਭਾਂਡਿਆਂ ਨੂੰ ਤਾਂ ਮਾਂਜ ਲੈਂਦੇ ਹਨ ਲੇਕਿਨ ਚਾਂਦੀ ਦੇ ਭਾਂਡੇ ਕੇਵਲ ਪਾਣੀ ਨਾਲ ਧੋਂਦੇ ਹਨ, ਤੇ ਉਹਨਾਂ ਦੇ ਵਿਸ਼ਵਾਸ਼ ਅਨੁਸਾਰ ਸੋਨੇ ਦੇ ਬਰਤਨ ਨੂੰ ਸਿਰਫ ਹਵਾ ਹੀ ਪਵਿਤਰ ਕਰ ਦੇਂਦੀ ਹੈ।

ਸੋਨੇ ਦਾ ਚੌਂਕਾ, ਸੋਨੇ ਦੇ ਭਾਂਡੇ, ਚੌਂਕੇ ਦੇ ਦੁਆਲੇ ਖਿੱਚੀਆਂ ਗਈਆਂ ਲਕੀਰਾਂ, ਗੰਗਾ ਦਾ ਪਾਣੀ, ਪਥਰਾਂ ਨੂੰ ਰਗੜ ਕੇ ਤਿਆਰ ਕੀਤੀ ਸੁੱਚੀ ਅੱਗ ਆਦਿ ਪਵਿਤ੍ਰ-ਅਪਵਿਤਰ ਸਭ ਮਨ ਦੇ ਭਰਮ ਭੁਲੇਖੇ ਹਨ। ਇਹ ਬਾਹਰਲੀ ਸੁਚ ਰਖਣ ਦੇ ਕਰਮ ਮਨੁੱਖ ਦੇ ਉਚੇ ਆਤਮਕ ਗੁਣਾਂ ਨੂੰ ਗ੍ਰਹਿਣ ਕਰਨ ਵਿਚ ਸਹਾਈ ਨਹੀਂ ਹੁੰਦੇ। ਇਹਨਾਂ ਬਾਹਰਲੀਆਂ ਸੁੱਚਾਂ ਦੇ ਨਾਲ ਮਨ ਪਵਿਤਰ ਨਹੀਂ ਹੋ ਸਕਦਾ। ਹਿਰਦਾ ਪਵਿੱਤਰ ਸਿਰਫ

ਪਰਮਾਤਮਾ ਦੀ ਯਾਦ ਨਾਲ ਹੁੰਦਾ ਹੈ।

ਮਿਥੇ ਧਾਰਮਿਕ ਕਰਮ :-

ਪਰਮਾਤਮਾ ਦੇ ਸਿਮਰਨ ਤੋਂ ਬਿਨਾਂ ਹੋਰ ਸਾਰੇ ਮਿਥੇ ਹੋਏ ਧਾਰਮਿਕ ਕਰਮ ਮਨੁੱਖ ਦੇ ਆਤਮਕ ਜੀਵਨ ਨੂੰ ਉੱਚਾ ਨਹੀਂ ਕਰ ਸਕਦੇ। ਜਪ, ਤਪ, ਸੰਜਮ, ਵਰਤ, ਤੀਰਥ ਇਸ਼ਨਾਨ, ਧਰਤੀ ਦਾ ਰਟਨ ਆਦਿ ਅਜਿਹੇ ਕੋਈ ਭੀ ਕਰਮ ਮਨੁਖ ਨੂੰ ਨਿੰਦਾ, ਈਰਖਾ, ਕਾਮ, ਕ੍ਰੋਧ, ਲੋਭ, ਆਦਿਕ ਵਿਕਾਰਾਂ ਦੀ ਮਾਰ ਤੋਂ ਨਹੀਂ ਬਚਾ ਸਕਦੇ। ਵਿਕਾਰਾਂ ਦੇ ਸ਼ਿਕਾਰ ਹੋਏ ਮਨੁੱਖੀ ਮਨ ਦੇ ਅੰਦਰ ਮੌਤ ਆਉਣ ਤੇ ਵਿਕਾਰਾਂ ਵਾਲੇ ਸੰਸਕਾਰ ਟਿਕੇ ਰਹਿੰਦੇ ਹਨ। ਪਰਮਾਤਮਾ ਦੀ ਹਜ਼ੂਰੀ ਵਿਚ ਇਹੋ ਜਿਹੇ ਗੰਦੇ ਮਨ ਦੇ ਗਵਾਹ ਹੁੰਦਿਆਂ ਮਨੁੱਖ ਦੇ ਕੀਤੇ ਹੋਏ ਅਖੌਤੀ ਧਾਰਮਿਕ ਕਰਮਾਂ ਦਾ ਮੁੱਲ ਇਕ ਕੌਡੀ ਭੀ ਨਹੀਂ ਪੈ ਸਕਦਾ। ਪਏ ਭੀ ਕਿਵੇਂ? ਅਸਲ ਸਾਥੀ ਹੈ ਹੀ ਉੱਚਾ ਆਤਮਕ ਜੀਵਨ, ਜੋ ਨਾਮ ਸਿਮਰਨ ਦੀ ਬਰਕਤ ਨਾਲ ਬਣਦਾ ਹੈ।

ਜੇ ਕੋਈ ਮਨੁੱਖ ਛੇ ਸ਼ਾਸ਼ਤਰਾਂ ਦਾ ਜਾਨਣ ਵਾਲਾ ਹੋਵੇ, ਪ੍ਰਾਣਾਯਾਮ ਦੇ ਅਭਿਆਸ ਵਿਚ ਸੁਆਸ ਉਪਰ ਚਾੜ੍ਹਨ, ਰੋਕ ਰਖਣ ਅਤੇ ਹੇਠਾਂ ਉਤਾਰਣ ਦੇ ਕਰਮ ਕਰਦਾ ਹੋਵੇ, ਸਮਾਧੀਆਂ ਲਾਂਦਾ ਹੋਵੇ, ਧਾਰਮਿਕ ਚਰਚਾ (ਸ਼ਾਸ਼ਤ੍ਰਾਰਥ) ਕਰਦਾ ਹੋਵੇ, ਸੁੱਚ ਦੀ ਖਾਤਰ ਆਪਣੀ ਹਥੀਂ ਰੋਟੀ ਪਕਾਂਦਾ ਹੋਵੇ, ਘਰ ਬਾਰ ਛੱਡ ਕੇ ਜੰਗਲਾਂ ਵਿਚ ਰਹਿੰਦਾ ਹੋਵੇ, ਪਰ ਜੇ ਉਸ ਮਨੁੱਖ ਦੇ ਮਨ ਵਿਚ ਪਰਮਾਤਮਾ ਦੇ ਨਾਮ ਨਾਲ ਪਿਆਰ ਨਹੀਂ ਤੇ ਉਸ ਦਵਾਰਾ ਕੀਤੇ ਇਹ ਸਭ ਕਰਮ ਨਿਸਫਲ ਹਨ। ਪਰਮਾਤਮਾ ਦਾ ਸਿਮਰਨ ਹੀ ਆਤਮਾ ਨੂੰ ਉੱਚਾ ਕਰਦਾ ਹੈ ਤੇ ਵਿਕਾਰਾਂ ਦੀ ਮਾਰ ਤੋਂ ਬਚਾਂਦਾ ਹੈ।

ਕਿਸੇ ਵੀ ਧਰਮ ਪੁਸਤਕ ਦਾ ਨਿਰਾ ਪਾਠ, ਨਿਵਲੀਕਰਮ ਪ੍ਰਾਣਾਯਾਮ ਦਾ ਅਭਿਆਸ, ਸਮਾਧੀਆਂ ਲਾਣੀਆਂ, ਤੀਰਥਾਂ ਤੇ ਉਲਟੇ ਹੋ ਕੇ ਤਪ ਕਰਨੇ, ਧੂਣੀਆਂ ਤਪਾਣੀਆਂ, ਜੋਗ ਅਭਿਆਸ ਕਰਨੇ, ਜਗ ਕਰਨੇ, ਵਰਤ ਰਖਣੇ, ਸੋਨਾ, ਚਾਂਦੀ, ਘੋੜੇ, ਹਾਥੀ, ਇਸਤਰੀ ਆਦਿ ਦਾਨ ਕਰਨੇ, ਮੂਰਤੀਆਂ ਦੀ ਪੂਜਾ ਕਰਨੀ, ਤੀਰਥਾਂ ਉਤੇ ਰਹਿਣਾ ਆਦਿ ਇਹਨਾਂ ਮਿਥੇ ਹੋਏ ਧਾਰਮਿਕ ਕਰਮਾਂ ਦੇ ਕਰਨ ਨਾਲ ਪਰਮਾਤਮਾ ਦੇ ਚਰਨਾਂ ਵਿਚ ਜੁੜਿਆ ਨਹੀਂ ਜਾ ਸਕਦਾ। ਇਹ ਕਰਮ ਕੀਤਿਆਂ ਆਤਮਕ ਆਨੰਦ ਨਹੀਂ ਮਿਲਦਾ। ਇਹ ਕਰਮ ਕਰ ਕੇ ਭੀ ਮਨੁੱਖ ਨੇ ਹਉਮੈਂ ਦਾ ਸ਼ਿਕਾਰ ਹੀ ਬਣਿਆ ਰਹਿਣਾ ਹੈ। ਇਹ ਕਰਮ ਮਨੁੱਖ ਨੂੰ ਵਿਕਾਰਾਂ ਦੀ ਮਾਰ ਤੋਂ ਨਹੀਂ ਬਚਾ ਸਕਦੇ। ਅਜਿਹੇ ਕਰਮ ਕਰਦਿਆਂ ਭੀ ਆਤਮਕ ਜੀਵਨ ਨੀਵਾਂ ਹੀ ਰਹਿੰਦਾ ਹੈ। ਇਹਨਾਂ ਕਰਮਾਂ ਦਾ ਆਸਰਾ ਛਡ ਕੇ ਸਦਾ ਪਰਮਾਤਮਾ ਦੇ ਦਰ ਤੇ ਅਰਦਾਸ ਕਰਨੀ ਚਾਹੀਦੀ ਹੈ।

ਤਿਆਗ :-

ਗ੍ਰਿਹਸਤੀ ਮਨੁੱਖ ਸਮਝਦਾ ਹੈ ਕਿ ਜਿਹੜਾ ਮਨੁੱਖ ਘਰ ਬਾਰ ਛਡ ਕੇ ਜੰਗਲਾਂ ਵਿਚ ਜਾ ਬੈਠਾ ਹੈ ਉਸ ਉਤੇ ਮਾਇਆ ਦੇ ਮੋਹ ਦਾ ਪ੍ਰਭਾਵ ਨਹੀਂ ਪੈਂਦਾ ਇਹ ਬਹੁਤ ਭਾਰੀ ਭੁਲੇਖਾ ਹੈ। ਸਰਬ ਵਿਆਪਕ ਪਰਮਾਤਮਾ ਸਾਰੀ ਦੁਨੀਆਂ ਵਿਚ ਵੱਸਦਾ ਹੈ। ਜੇ ਉਸ

ਪਰਮਾਤਮਾ ਨੂੰ ਖਲਕਤ ਵਿਚ ਨਾ ਵੇਖਿਆ ਜੇ ਖਲਕਤ ਤੋਂ ਰੁਸ ਕੇ ਲਾਂਭੇ ਜਾ ਬੈਠੇ ਤਾਂ ਮਨੁੱਖ ਦੇ ਅੰਦਰ ਪ੍ਰੇਮ ਪਿਆਰ ਕਿਵੇਂ ਪੈਦਾ ਹੋ ਸਕਦਾ ਹੈ? ਪਰਮਾਤਮਾ ਹੈ ਹੀ ਪਿਆਰ ਸਰੂਪ। ਰੁਖੇ ਸੁਭਾਉ ਵਾਲੇ ਤਿਆਗੀ ਦਾ ਪਿਆਰ ਸਰੂਪ ਪ੍ਰਭੂ ਨਾਲ ਮੇਲ ਹੋਣਾ ਅਸੰਭਵ ਹੈ। ਸਰੀਰ ਨੂੰ ਭੋਜਨ ਚਾਹੀਦਾ ਹੈ, ਕਪੜਾ ਚਾਹੀਦਾ ਹੈ, ਇਸ ਦਾ ਭਾਰ ਗ੍ਰਿਹਸਤੀ ਦੇ ਮੋਢਿਆਂ ਉਤੇ ਕਿਉਂ ਪਏ? ਸਮਾਧੀਆਂ ਦੇ ਆਸਰੇ ਰਿੱਧੀਆਂ ਸਿੱਧੀਆਂ ਆਦਿਕ ਕਰਾਮਾਤੀ ਤਾਕਤਾਂ ਹਾਸਲ ਕੀਤਿਆਂ 'ਤਿਆਗੀ' ਮਨੁੱਖ ਸਗੋਂ ਵਧੀਕ ਔਝੜੇ ਜਾ ਪੈਂਦਾ ਹੈ। ਕਿਸੇ ਨੂੰ ਸਰਾਪ ਦਾ ਡਰ ਦੇਂਦਾ ਹੈ, ਕਿਸੇ ਨੂੰ ਵਰ ਦਾ ਲਾਲਚ ਦੇਂਦਾ ਹੈ। ਪਰਮਾਤਮਾ ਤੇ ਖਲਕਤ ਨਾਲੋਂ ਇਸ ਦੀ ਵਿਥ ਬਣੀ ਹੀ ਰਹਿੰਦੀ ਹੈ।

ਮੂਰਤੀ :-

ਸਾਨੂੰ ਜਿਸ ਨਾਲ ਪਿਆਰ ਹੋਵੇ, ਕੁਦਰਤੀ ਤੌਰ ਤੇ ਸਾਡਾ ਜੀ ਕਰਦਾ ਹੈ ਕਿ ਪਿਆਰੇ ਦੀ ਮੂਰਤ ਸਾਡੀਆ ਅੱਖਾਂ ਦੇ ਸਾਹਮਣੇ ਟਿਕੀ ਰਹੇ। ਪਰ ਇਹ ਦੁਨੀਆਵੀ ਰਿਸ਼ਤੇਦਾਰਾਂ ਵਾਲਾ ਪਿਆਰ ਹੈ। ਸਰੀਰ ਸਦਾ ਨਾਲ ਨਹੀਂ ਨਿਭ ਸਕਦੇ। ਮਨੁਖੀ ਜੀ ਸਦਾ ਲੋਚਦਾ ਹੈ, ਕਿ ਮੇਰੇ ਅਤਿ ਪਿਆਰੇ ਸਬੰਧੀ ਦੀ ਸਰੀਰਕ ਸ਼ਕਲ ਸਦਾ ਮੇਰੇ ਪਾਸ ਟਿਕੀ ਰਹੇ, ਜੇ ਉਹ ਸਰੀਰਕ ਤੌਰ ਤੇ ਮੈਥੋਂ ਵਿਛੁੜ ਜਾਏ ਤਾਂ ਭੀ ਉਸ ਦੀ ਤਸਵੀਰ ਦੀ ਰਾਹੀਂ, ਉਸ ਦੀ ਮੂਰਤੀ ਰਾਹੀਂ ਮੈਂ ਉਸ ਨੂੰ ਵੇਖ ਸਕਿਆ ਕਰਾਂ।

ਪਰ ਜਿਸ ਮਹਾਂਪੁਰਖ ਨੂੰ, ਜਿਸ ਗੁਰੂ ਨੂੰ ਮਨੁਖ ਆਪਣਾ ਇਸ਼ਟ ਬਣਾਂਦਾ ਹੈ, ਉਸ ਨੂੰ ਬਣਾਂਦਾ ਤਾਂ ਹੈ ਆਪਣਾ ਆਤਮਕ ਜੀਵਨ ਉੱਚਾ ਕਰਨ ਲਈ। ਆਤਮਕ ਜੀਵਨ ਦੀ ਉੱਚਤਾ ਇਹ ਹੈ ਕਿ ਮਨੁੱਖ ਅੰਦਰੋਂ ਮੇਰ ਤੇਰ ਮਿਟੇ, ਵੈਰ ਵਿਰੋਧ ਦੂਰ ਹੋਵੇ, ਨਫਰਤ ਈਰਖਾ ਮੁਕੇ, ਆਪਣੇ ਅੰਦਰ ਵੱਸਦਾ ਪਰਮਾਤਮਾ ਸਾਰੀ ਖਲਕਤ ਵਿਚ ਵੱਸਦਾ ਦਿਸੇ ਤਾਂ ਕਿ ਮਨੁੱਖ ਸਭ ਦਾ ਭਲਾ ਮੰਗੇ। ਇਹ ਆਤਮਕ ਉੱਚਤਾ ਤਦੋਂ ਹੀ ਮਨੁੱਖ ਦੇ ਅੰਦਰ ਪੈਦਾ ਹੋ ਸਕਦੀ ਹੈ ਜੇ ਉਹ ਉੱਚੇ ਸੁਚੇ ਜੀਵਨ ਵਾਲੇ ਆਪਣੇ ਇਸ਼ਟ ਦੀ ਆਤਮਾ ਨਾਲ ਜੁੜਿਆ ਰਹੇ। ਉੱਚੇ ਮਹਾਂਪੁਰਖ ਦੀ ਆਤਮਾ ਹੈ ਉਸ ਦੀ ਬਾਣੀ। ਜਿਉਂ ਜਿਉਂ ਮਨੁੱਖ ਆਪਣੇ ਇਸ਼ਟ ਮਹਾਂਪੁਰਖ ਦੀ ਬਾਣੀ ਨਾਲ ਜੁੜਦਾ ਹੈ, ਉਸ ਦੇ ਅੰਦਰ ਆਤਮਕ ਜੀਵਨ ਉੱਚਾ ਬਣਾਣ ਵਾਲੇ ਗੁਣ ਵਧਦੇ ਫੁਲਦੇ ਹਨ।

ਜੋ ਮਨੁੱਖ ਆਪਣੇ ਇਸ਼ਟ ਦੇ ਆਤਮਕ ਜੀਵਨ ਨਾਲ, ਬਾਣੀ ਨਾਲ ਇਕ ਮਿਕ ਹੋਣ ਦੀ ਥਾਂ ਉਸ ਦੀ ਤਸਵੀਰ ਬਣਾ ਕੇ ਆਪਣੀਆ ਅੱਖਾਂ ਦੀ ਰਾਹੀਂ ਉਸ ਤਸਵੀਰ ਜਾਂ ਮੂਰਤੀ ਨੂੰ ਆਪਣੇ ਦਿਮਾਗ ਵਿਚ ਵਸਾਣ ਦਾ ਜਤਨ ਕਰਨ ਲੱਗ ਪੈਂਦਾ ਹੈ, ਤਾਂ ਉਹ ਸਦੀਵੀ ਆਤਮਾ ਦੀ ਥਾਂ ਨਾਸ਼ਵੰਤ ਸਰੀਰ ਨਾਲ ਹੀ ਪਿਆਰ ਬਣਾਂਦਾ ਹੈ। ਆਤਮਕ ਉਚਤਾ ਲਾਂਭੇ ਹੀ ਰਹਿ ਜਾਂਦੀ ਹੈ। ਨਿਤ ਮੂਰਤੀ ਅੱਗੇ ਧੂਪ ਧੁਖਾ ਕੇ ਪੂਜਾ ਆਦਿਕ ਕਰਨ ਵਾਲਾ ਮਨੁੱਖ ਕਦੇ ਇਹ ਸੋਚਣ ਦੀ ਖੇਚਲ ਨਹੀਂ ਕਰ ਸਕਦਾ ਕਿ ਇਸ ਉਦਮ ਨਾਲ ਮਨ ਵਿਚੋਂ ਭੈੜੀਆਂ ਵਾਦੀਆਂ ਕਿਤਨੀਆਂ ਕੁ ਕਮਜ਼ੋਰ ਹੋਈਆ ਹਨ, ਕਿਤਨੀਆਂ ਕੁ ਘਟੀਆਂ ਹਨ। ਇਹ ਇਕ ਰਸਮੀ ਉਦਮ ਹੀ ਬਣਿਆ ਰਹਿ ਜਾਂਦਾ ਹੈ।

ਪਰਮਾਤਮਾ ਦੀ ਮੂਰਤੀ ਬਣਾਣੀ ਇਕ ਅਸੰਭਵ ਗਲ ਹੈ। ਭਗਵਾਨ ਦੀ ਤਸਵੀਰ ਜਾਂ ਮੂਰਤੀ ਬਣ ਹੀ ਨਹੀਂ ਸਕਦੀ। ਸਾਰੀ ਦੁਨੀਆਂ ਦੇ ਜੀਅ ਜੰਤ ਉਸ ਦੀਆਂ ਮੂਰਤੀਆਂ ਹਨ। ਇਹਨਾਂ ਨੂੰ ਪੈਦਾ ਕਰ ਕੇ ਉਹ ਇਹਨਾਂ ਵਿਚ ਵੱਸਦਾ ਭੀ ਹੈ ਤੇ ਇਹਨਾਂ ਤੋਂ ਨਿਰਲੇਪ, ਵਖਰਾ ਭੀ ਹੈ। ਭਗਵਾਨ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਕਰਨ ਵਾਲਾ ਮਨੁੱਖ ਉਸ ਦੀ ਸਰਬ ਵਿਆਪਕਤਾ ਭੁਲਾ ਕੇ ਉਸ ਨੂੰ ਸਿਰਫ ਉਸ ਦੀ ਮੂਰਤੀ ਵਿਚ ਹੀ ਵੇਖਣ ਦਾ ਜਤਨ ਕਰਦਾ ਰਹਿੰਦਾ ਹੈ ਤੇ ਵੇਖਣ ਦਾ ਆਦੀ ਹੋ ਜਾਂਦਾ ਹੈ। ਸਰਬ ਵਿਆਪਕ ਨੂੰ ਸਾਰੀ ਖਲਕਤ ਵਿਚ ਵੇਖਣ ਦੀ ਆਦਤ ਬਣਾ ਕੇ ਜਿਹੜਾ ਹਿਰਦਾ ਵਿਸ਼ਾਲ ਬਣਨਾ ਸੀ, ਉਹ ਸੁੰਗੜ ਕੇ ਖਲਕਤ ਨਾਲੋਂ ਕਟਿਆ ਰਹਿੰਦਾ ਹੈ, ਉਸ ਵਿਚ ਸਰਬ ਵਿਆਪਕ ਦੇ ਉਚੇ ਗੁਣ ਪਲ੍ਰਰਨ ਦੀ ਥਾਂ ਮੇਰ ਤੇਰ, ਵੈਰ ਵਿਰੋਧ, ਨਫਰਤ, ਈਰਖਾ ਪੈਦਾ ਕਰਨ ਵਾਲੇ ਭੈੜ ਹੀ ਵਧਦੇ ਰਹਿੰਦੇ ਹਨ।

ਸੂਤਕ :-

ਜਿਸ ਘਰ ਵਿਚ ਬੱਚਾ ਜੰਮ ਪਏ, ਉਸ ਘਰ ਨੂੰ ਅਪਵਿਤ੍ਰ ਜਾਣ ਕੇ ਬ੍ਰਾਹਮਣ ਉਸ ਘਰ ਵਿਚੋਂ 13 ਦਿਨ ਅੰਨ ਜਲ ਨਹੀਂ ਵਰਤਦੇ। ਜੇ ਜੀਵਾਂ ਦੇ ਜੰਮਣ ਮਰਨ ਨਾਲ ਘਰ ਅਪਵਿਤ੍ਰ ਹੋ ਜਾਣਾ ਹੈ ਤਾਂ ਜਗਤ ਵਿਚ ਕੋਈ ਭੀ ਥਾਂ ਸੁਚੀ ਨਹੀਂ ਹੋ ਸਕਦੀ, ਕਿਉਂਕਿ ਹਰ ਵੇਲੇ ਹਰ ਥਾਂ ਜੰਮਣ ਮਰਨ ਦਾ ਸਿਲਸਿਲਾ ਜਾਰੀ ਰਹਿੰਦਾ ਹੈ, ਪਾਣੀ ਵਿਚ ਸੂਤਕ ਹੈ, ਧਰਤੀ ਉਤੇ ਸੂਤਕ ਹੈ, ਹਰ ਥਾਂ ਅਪਵਿਤ੍ਰ ਹੈ। ਸੋਚੋ ਤਾਂ ਸਹੀ ਕਿ ਜਦੋਂ ਹਰ ਥਾਂ ਸੂਤਕ ਪੈ ਰਿਹਾ ਹੈ ਤਾਂ ਸੁਚਾ ਕੌਣ ਹੋ ਸਕਦਾ ਹੈ? ਜੰਮਣਾ ਤੇ ਮਰਨਾ-ਇਹ ਤਾਂ ਪਰਮਾਤਮਾ ਦੀ ਰਜ਼ਾ ਵਿਚ ਸਦਾ ਹੁੰਦੇ ਹੀ ਰਹਿਣੇ ਹਨ। ਇਨ੍ਹਾਂ ਦੇ ਭਰਮ ਵਿਚ ਪੈਣ ਦੀ ਥਾਂ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਅੰਦਰੋਂ ਲੋਭ, ਝੂਠ ਨਿੰਦਿਆ ਆਦਿ ਵਿਕਾਰ ਦੂਰ ਕਰੇ ਮਨੁੱਖ ਦੇ ਹਿਰਦੇ ਘਰ ਨੂੰ ਇਹ ਵਿਕਾਰ ਹਰ ਵੇਲੇ ਮੈਲਾ ਤੇ ਗੰਦਾ ਕਰੀ ਰੱਖਦੇ ਹਨ। ਛਡੋ ਇਹ ਭਰਮ ਤੇ ਹਰ ਥਾਂ ਵੱਸਦੇ ਪਰਮਾਤਮਾ ਦਾ ਭਜਨ ਕਰਿਆ ਕਰੋ।

ਮਾਲਾ ਤਿਲਕ :-

ਕੁਝ ਲੋਕ ਮੱਥੇ ਉਤੇ ਤਿਲਕ ਲਾ ਕੇ ਹੱਥ ਵਚ ਮਾਲਾ ਫੜ ਕੇ ਇਹ ਸਮਝਦੇ ਹਨ ਕਿ ਉਹ ਭਗਤੀ ਕਰ ਰਹੇ ਹਨ। ਉਹਨਾਂ ਦੇ ਇਸ ਭੇਖ ਨੂੰ ਵੇਖ ਕੇ ਦੁਨੀਆ ਤਾਂ ਭੁਲੇਖੇ ਵਿਚ ਪੈ ਕੇ ਉਹਨਾਂ ਨੂੰ ਭਗਤ ਸਮਝਦੀ ਹੈ, ਲੇਕਿਨ ਪਰਮਾਤਮਾ ਕੋਈ ਬੱਚਾ ਨਹੀਂ ਹੈ ਕਿ ਉਸ ਨੂੰ ਠਗਿਆ ਜਾ ਸਕੇ। ਇਹ ਤੇ ਖਿਡੌਣੇ ਹਨ। ਪਰਮਾਤਮਾ ਇਹਨਾਂ ਕਰਮਾਂ ਨਾਲ ਨਹੀਂ ਪਤੀਜਦਾ, ਉਹ ਸਾਡੇ ਅੰਦਰ ਬੈਠਾ ਸਾਡੇ ਆਤਮਕ ਜੀਵਨ ਨੂੰ ਹਰ ਵੇਲੇ ਵੇਖਦਾ ਤੇ ਪਰਖਦਾ ਰਹਿੰਦਾ ਹੈ। ਆਚਰਣ ਨੂੰ ਉੱਚਾ ਬਨਾਣਾ ਹੀ ਵਧੀਆ ਮਾਲਾ ਹੈ ਤੇ ਇਹ ਆਚਰਣ ਸਿਮਰਣ ਨਾਲ ਬਣਦਾ ਹੈ। ਤੁਰਦਿਆਂ ਫਿਰਦਿਆਂ, ਕਿਰਤ ਕਾਰ ਕਰਦਿਆਂ ਹਰ ਵੇਲੇ ਪਰਮਾਤਮਾ ਦੀ ਯਾਦ ਆਪਣੇ ਹਿਰਦੇ ਵਿਚ ਟਿਕਾਈ ਰਖਣੀ ਹੀ ਅਸਲੀ ਮਾਲਾ ਹੈ। ਹਰਿਨਾਮ ਤੋਂ ਬਿਨਾ ਹੋਰ ਮਾਲਾ ਫੇਰਨੀਆਂ ਆਦਿ ਸਭ ਫੋਕਟ ਕਰਮ ਹਨ। ਹਰਿਨਾਮ ਦੀ ਮਾਲਾ ਮਨੁੱਖ ਦੇ ਨਾਲ ਪਰਲੋਕ ਵਿਚ ਭੀ ਸਾਥ ਬਣਾਈ ਰਖਦੀ ਹੈ।

ਮਿਰਤਕ ਸੰਸਕਾਰ :-

ਬ੍ਰਾਹਮਣੀ ਮਰਯਾਦਾ ਅਨੁਸਾਰ, ਜਦੋਂ ਕੋਈ ਪ੍ਰਾਣੀ ਮਰਣ ਲੱਗਦਾ ਹੈ ਤਾਂ ਉਸ ਨੂੰ ਮੰਜੇ ਤੋਂ ਹੇਠਾਂ ਲਾਹ ਦਿੱਤਾ ਜਾਂਦਾ ਹੈ। ਉਸ ਦੇ ਹੱਥ ਦੀ ਤਲੀ ਉੱਤੇ ਆਟੇ ਦਾ ਦੀਵਾ ਰੱਖ ਕੇ ਜਗਾ ਦਿਤਾ ਜਾਂਦਾ ਹੈ, ਤਾਂ ਕਿ ਜਿਸ ਅਣਡਿਠੇ ਹਨੇਰੇ ਰਸਤੇ ਤੋਂ ਉਸ ਦੀ ਆਤਮਾ ਨੇ ਜਾਣਾ ਹੈ, ਇਹ ਦੀਵਾ ਉਸ ਰਸਤੇ ਵਿਚ ਚਾਨਣ ਕਰੇਗਾ। ਉਸ ਦੇ ਮਰਣ ਪਿਛੋਂ ਜੌਂ ਜਾਂ ਚੌਲਾਂ ਦੇ ਆਟੇ ਦੇ ਪੇੜੇ ਪੱਤਲ ਉਤੇ ਰੱਖ ਕੇ ਮਣਸੇ ਜਾਂਦੇ ਹਨ। ਇਹ ਮ੍ਰਿਤਕ ਪ੍ਰਾਣੀ ਦੇ ਰਸਤੇ ਲਈ ਖੁਰਾਕ ਹੁੰਦੀ ਹੈ। ਮੌਤ ਤੋਂ 13 ਦਿਨ ਬਾਦ ਕਿਰਿਆ ਕਰਨ ਵੇਲੇ ਬ੍ਰਾਹਮਣ ਵੇਦ-ਮੰਤ੍ਰ ਆਦਿਕ ਪੜ੍ਹਦਾ ਹੈ,ਮਰੇ ਪ੍ਰਾਣੀ ਨਿਮਿਤ ਇਕ ਲੰਬੀ ਮਰਯਾਦਾ ਕੀਤੀ ਜਾਂਦੀ ਹੈ।360 ਦੀਵੇ ਤੇ ਵੱਟੀਆ ਅਤੇ ਤੇਲ ਰਖਿਆ ਜਾਂਦਾ ਹੈ। ਉਹ ਵਟੀਆਂ ਇਕਠੀਆਂ ਹੀ ਤੇਲ ਵਿਚ ਭਿਉਂਕੇ ਬਾਲ ਦਿਤੀਆਂ ਜਾਂਦੀਆਂ ਹਨ। ਇਹ ਦੀਵੇ ਇਸ ਵਿਸ਼ਵਾਸ ਨਾਲ ਬਾਲੇ ਜਾਂਦੇ ਹਨ ਕਿ ਮਰੇ ਪ੍ਰਾਣੀ ਨੇ ਇਕ ਸਾਲ ਵਿਚ ਪਿੱਤਰ ਲੋਕ ਤੱਕ ਪਹੁੰਚਣਾ ਹੈ ਤੇ ਇਹ 360 ਦੀਵੇ (ਇਕ ਦੀਵਾ ਰੋਜ਼) ਇਕ ਸਾਲ ਰਸਤੇ ਵਿਚ ਚਾਨਣ ਕਰਣਗੇ। ਕਿਸੇ ਮੰਦਰ ਵਿਚ ਇਕ ਸਾਲ ਹਰ ਰੋਜ਼ ਹਰ ਵੇਲੇ ਦੀਵਾ ਬਾਲਣ ਲਈ ਤੇਲ ਭੀ ਭੇਜਿਆ ਜਾਂਦਾ ਹੈ।

ਸੰਸਕਾਰ ਤੋਂ ਚੌਥੇ ਦਿਨ ਮੜ੍ਹੀ ਫੋਲ ਕੇ ਸੜਨ ਤੋਂ ਬਚੀਆਂ ਹੱਡੀਆ (ਫੁੱਲ) ਚੁਣ ਕੇ ਹਰਿਦੁਆਰ ਜਾ ਕੇ ਗੰਗਾ ਵਿਚ ਪਰਵਾਹੇ ਜਾਂਦੇ ਹਨ। ਆਮ ਤੌਰ ਤੇ 'ਕਿਰਿਆ' ਤੋਂ ਪਹਿਲਾਂ ਹੀ 'ਫੁਲ' ਪਰਵਾਹ ਕੀਤੇ ਜਾਂਦੇ ਹਨ।

ਗੁਰਮਤਿ ਇਸ ਕਰਮਕਾਂਡ ਬਾਰੇ ਸਾਨੂੰ ਇਹ ਦਸਦੀ ਹੈ:

ਪਰਮਾਤਮਾ ਦਾ ਨਾਮ ਹੀ ਦੀਵਾ ਹੈ ਜੋ ਮਨੁਖ ਦੀ ਜ਼ਿੰਦਗੀ ਦੇ ਰਸਤੇ ਵਿਚ ਆਤਮਕ ਰੌਸ਼ਨੀ ਕਰਦਾ ਹੈ, ਇਸ ਆਤਮਕ ਰੌਸ਼ਨੀ ਨਾਲ ਮਨੁਖ ਦੇ ਉਹ ਸਾਰੇ ਦੁਖ ਮੁਕਦੇ ਜਾਂਦੇ ਹਨ ਜੋ ਇਸ ਨੂੰ ਵਾਪਰਦੇ ਰਹਿੰਦੇ ਹਨ।

ਜਿਵੇਂ ਅੱਗ ਦਾ ਇਕ ਕਿਣਕਾ ਲਕੜਾਂ ਦੇ ਢੇਰ ਨੂੰ ਸਾੜਕੇ ਸੁਆਹ ਕਰ ਦੇਂਦਾ ਹੈ ਇਸੇ ਤਰ੍ਹਾਂ ਪਰਮਾਤਮਾ ਦੇ ਨਾਮ ਦਾ ਸਿਮਰਨ ਮਨੁਖ ਦੇ ਜਨਮਾਂ ਜਨਮਾਤਰਾਂ ਦੇ ਕੀਤੇ ਪਾਪਾਂ ਦੇ ਸੰਸਕਾਰ ਇਸ ਦੇ ਅੰਦਰੋਂ ਮੁਕਾ ਦੇਂਦਾ ਹੈ। ਪਰਮਾਤਮਾ ਦਾ ਨਾਮ ਹੀ ਮਨੁਖ ਵਾਸਤੇ ਇਸ ਲੋਕ ਅਤੇ ਪਰਲੋਕ ਵਿਚ ਸਹਾਰਾ ਹੈ, ਪਿੰਡ ਭਰਾਣੇ, ਕਿਰਿਆ ਕਰਾਣੀ, ਫੁਲ ਚੁਨਣੇ ਤੇ ਗੰਗਾ ਵਿਚ ਪਰਵਾਹ ਕਰਾਣੇ ਪਰਮਾਤਮਾ ਦੇ ਨਾਮ ਸਿਮਰਨ ਵਿਚ ਹੀ ਆ ਗਿਆ ਸਮਝੋ। ਪ੍ਰਾਣੀ ਦਾ ਅਸਲ ਸਾਥੀ ਹਰਿਨਾਮ ਹੀ ਹੈ। ਬਾਕੀ ਕਰਮ ਵਿਅਰਥ ਹਨ।

ਮੁਸਲਮਾਨਾਂ ਦਾ ਇਹ ਵਿਸ਼ਵਾਸ ਹੈ ਕਿ ਮਰਨ ਪਿਛੋਂ ਜਿਨ੍ਹਾਂ ਦਾ ਸਰੀਰ ਸਾੜਿਆ ਜਾਂਦਾ ਹੈ ਉਹ ਦੋਜ਼ੱਖ ਦੀ ਅੱਗ ਵਿਚ ਸੜਦੇ ਹਨ। ਪਰ ਜਿਥੇ ਮੁਸਲਮਾਨ ਮੁਰਦੇ ਦੱਬਦੇ ਹਨ ਉਸ ਥਾਂ ਦੀ ਮਿੱਟੀ ਚੀਕਣੀ ਹੋ ਜਾਣ ਕਾਰਣ ਘੁਮਿਆਰ ਲੋਕ ਕਈ ਵਾਰੀ ਉਹ ਮਿਟੀ ਭਾਂਡੇ ਬਨਾਣ ਲਈ ਲੈ ਜਾਂਦੇ ਹਨ। ਘੜੇ ਗਏ ਭਾਂਡੇ ਪਕਾਣ ਲਈ ਅੱਗ ਵਿਚ ਰਖੇ

ਜਾਂਦੇ ਹਨ ਇਸ ਤਰ੍ਹਾਂ ਆਖਿਰ ਉਹ ਮਿਟੀ ਭੀ ਅੱਗ ਵਿਚ ਪੈਂਦੀ ਹੈ। ਪਰ ਨਿਜ਼ਾਤ ਜਾਂ ਦੋਜ਼ਖ ਦਾ ਸਬੰਧ ਮੁਰਦਾ ਸਰੀਰ ਦੇ ਸਾੜਨ ਜਾਂ ਦਬਣ ਨਾਲ ਨਹੀਂ ਹੈ। ਜੀਵਾਤਮਾ ਦੇ ਸਰੀਰ ਚੋਲਾ ਛਡਨ ਦੇ ਬਾਦ ਉਸ ਸਰੀਰ ਦੇ ਦਬਣ ਸਾੜਨ ਜਾਂ ਕਿਸੇ ਪਸ਼ੂ ਪਰਿੰਦੇ ਦੇ ਅੱਗੇ ਪਾਣ ਆਦਿਕ ਕਿਸੇ ਭੀ ਕਿਰਿਆ ਦਾ ਅਸਰ ਜੀਵਾਤਮਾ ਉਤੇ ਨਹੀਂ ਪੈ ਸਕਦਾ। ਜੀਵਾਤਮਾ ਦੁਆਰਾ ਸਰੀਰ ਵਿਚ ਰਹਿੰਦਿਆਂ ਹੋਇਆਂ ਕੀਤੇ ਕਰਮਾਂ ਦੇ ਅਨੁਸਾਰ ਹੀ ਉਸ ਦੀ ਕਿਸਮਤ ਦਾ ਫੈਸਲਾ ਹੁੰਦਾ ਹੈ। ਉਹ ਫੈਸਲਾ ਕੀ ਹੈ? ਪਰਮਾਤਮਾ ਆਪ ਹੀ ਜਾਣਦਾ ਹੈ ਕਿ ਜੀਵ ਆਪਣੀ ਕਮਾਈ ਅਨੁਸਾਰ ਉਸ ਦੇ ਹੁਕਮ ਵਿਚ ਕਿਥੇ ਜਾ ਅਪੜਿਆ ਹੈ। ਸੋ ਇਹ ਝਗੜਾ ਵਿਅਰਥ ਹੈ। ਹਰੇਕ ਜੀਵ ਵਾਸਤੇ ਸਭ ਤੋਂ ਵਧੀਆ ਵਿਚਾਰ ਇਹੀ ਹੈ ਕਿ ਜਿਸ ਮਨੁਖ ਨੇ ਪਰਮਾਤਮਾ ਦੇ ਚਰਨਾਂ ਵਿਚ ਆਪਣਾ ਚਿਤ ਜੋੜੀ ਰਖਿਆ ਉਸੇ ਨੂੰ ਉਸ ਦਾ ਮਿਲਾਪ ਨਸੀਬ ਹੋਇਆ।

ਸ਼ਰਾਧ :-

ਹਿੰਦੂ ਲੋਕ ਕਿਸੇ ਪ੍ਰਾਣੀ ਦੇ ਮਰਨ ਤੇ ਇਕ ਵਰ੍ਹਾ ਪਿਛੋਂ 'ਵਰੀਣਾ' ਕਰਦੇ ਹਨ। ਬ੍ਰਾਹਮਣ ਨੂੰ ਬੁਲਾ ਕੇ ਮਰੇ ਪ੍ਰਾਣੀ ਵਾਸਤੇ ਖੁਰਾਕ ਅਤੇ ਬਸਤ੍ਰ ਆਦਿਕ ਦਾਨ ਵਿਚ ਦਿਤੇ ਜਾਂਦੇ ਹਨ। ਇਸ ਤੋਂ ਪਿਛੋਂ ਹਰ ਸਾਲ ਸਰਾਧਾਂ ਦੇ ਦਿਨਾਂ ਵਿਚ ਉਸ ਥਿਤ ਤੇ ਬ੍ਰਾਹਮਣਾਂ ਨੂੰ ਭੋਜਨ ਖੁਆਇਆ ਜਾਂਦਾ ਹੇ। ਇਹ ਭੀ ਵਿਛੁੜੇ ਪ੍ਰਾਣੀ ਨੂੰ ਅਪੜਾਨ ਲਈ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ ਕਿ ਕਿਸੇ ਭੀ ਪ੍ਰਾਣੀ ਨੂੰ ਉਸ ਦੇ ਮਰਨ ਪਿਛੋਂ ਉਸ ਦੇ ਸੰਬੰਧੀ ਕੋਈ ਧਨ ਪਦਾਰਥ ਖੁਰਾਕ ਆਦਿਕ ਅਪੜਾ ਨਹੀਂ ਸਕਦੇ ਹਨ। ਇਥੇ ਜੀਉਂਦਿਆਂ ਜਿਹੜਾ ਮਨੁਖ ਹੱਕ ਦੀ ਕਮਾਈ ਕਰਦਾ ਹੈ ਤੇ ਉਸ ਵਿਚੋਂ ਲੋੜਵੰਦਾਂ ਦੀ ਸੇਵਾ ਕਰਦਾ ਹੈ, ਇਸ ਨੇਕ ਕਰਮ ਦੇ ਭਲੇ ਸੰਸਕਾਰ ਉਹ ਆਪਣੇ ਨਾਲ ਲੈ ਤੁਰਦਾ ਹੈ।

ਘਰ ਵਿਚ ਹਰ ਤਰ੍ਹਾਂ ਦਾ ਸੁਖ-ਅਨੰਦ ਬਣੇ ਰਹਿਣ ਦੀ ਖਾਤਰ ਲੋਕ ਪਿਤਰਾਂ ਦੇ ਨਮਿਤ ਸ਼ਰਾਧ ਕਰਦੇ ਹਨ। ਮਿੱਟੀ ਦੇ ਦੇਵਤੇ ਬਣਾ ਕੇ ਉਹਨਾਂ ਦੇ ਅੱਗੇ ਕੁਰਬਾਨੀ ਦੇਂਦੇ ਹਨ, ਵਿਆਹਾਂ- ਸ਼ਾਦੀਆਂ ਸਮੇਂ 'ਵਡੇ ਅੱਡਦੇ ਹਨ'। ਪਰ ਫਿਰ ਭੀ ਉਨ੍ਹਾਂ ਦੇ ਸਹਿਮ ਬਣੇ ਹੀ ਰਹਿੰਦੇ ਹਨ। ਸੁਖ ਆਨੰਦ ਦਾ ਸੋਮਾ ਪਰਮਾਤਮਾ ਹੈ। ਉਸ ਦੀ ਯਾਦ ਵਿਚ ਜੁੜੋ। ਲੋਕ ਜੀਊਂਦੇ ਮਾਪਿਆਂ ਦਾ ਆਦਰ ਮਾਣ ਨਹੀਂ ਕਰਦੇ, ਪਰ ਮਰ ਗਏ ਪਿਤਰਾਂ ਨਿਮਿੱਤ ਬ੍ਰਾਹਮਣ ਨੂੰ ਭੋਜਨ ਖੁਆਂਦੇ ਹਨ, ਇਹ ਭੋਜਨ ਉਹਨਾਂ ਨੂੰ ਨਹੀਂ ਪਹੁੰਚਦਾ। ਜੀਉਂਦੇ ਮਾਪਿਆਂ ਦੀ ਸੇਵਾ ਕਰਨੀ ਸਿਖੋ।

ਪਰਮਾਤਮਾ ਦੇ ਸਿਮਰਨ ਤੋਂ ਬਿਨਾਂ ਜਪ, ਤਪ, ਸੰਜਮ, ਵਰਤ, ਤੀਰਥ-ਇਸ਼ਨਾਨ, ਧਰਤੀ ਦਾ ਰਟਨ, ਪ੍ਰਾਣਾਯਾਮ ਦਾ ਅਭਿਆਸ, ਸਮਾਧੀਆਂ ਦਾਨ-ਪੁੰਨ, ਧਾਰਮਿਕ ਭੇਖ, ਧੂਣੀਆਂ ਤਪਾਣੀਆਂ, ਜੋਗ ਅਭਿਆਸ, ਜਗ ਕਰਨੇ, ਮੂਰਤੀ ਪੂਜਾ, ਘਰ ਗ੍ਰਹਿਸਤੀ ਦਾ ਤਿਆਗ, ਅੰਨ ਆਦਿ ਦਾ ਤਿਆਗ ਆਦਿ ਹੋਰ ਸਾਰੇ ਮਿੱਥੇ ਹੋਏ ਧਾਰਮਿਕ ਕਰਮ ਮਨੁਖ ਦੇ ਆਤਮਕ ਜੀਵਨ ਦੀ ਉਚਤਾ ਵਿਚ ਕੋਈ ਮਦਦ ਨਹੀਂ ਕਰ ਸਕਦੇ। ਪਰਮਾਤਮਾ ਦੀ ਹਜ਼ੂਰੀ ਵਿਚ ਇਹ ਅਖੌਤੀ ਧਾਰਮਿਕ ਕਰਮਾਂ ਦਾ ਮੁਲ ਇਕ

ਕੌਡੀ ਭੀ ਨਹੀਂ ਹੈ। ਪਰਮਾਤਮਾ ਦੀ ਹਜ਼ੂਰੀ ਵਿਚ ਸਿਰਫ ਉਸ ਦੀ ਸਿਫਤ ਸਲਾਹ ਹੀ ਕਬੂਲ ਪੈਂਦੀ ਹੈ। ਇਹਨਾਂ ਕਰਮਾਂ ਦੀ ਰਾਹੀਂ ਪਰਮਾਤਮਾ ਦੇ ਚਰਨਾਂ ਵਿਚ ਜੁੜਿਆ ਨਹੀਂ ਜਾ ਸਕਦਾ। ਅਜਿਹੇ ਲਖਾਂ ਜਤਨਾਂ ਨਾਲ ਭੀ ਮਨ ਦੀ ਵਿਕਾਰਾਂ ਦੀ ਮੈਲ ਦੂਰ ਨਹੀਂ ਹੁੰਦੀ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਸ ਵਿਚ ਨਹੀਂ ਹੋ ਸਕਦੇ। ਅਜਿਹੇ ਕਰਮ ਕਰਦਿਆਂ ਹੋਇਆਂ ਭੀ ਆਤਮਕ ਜੀਵਨ ਨੀਵਾਂ ਹੀ ਰਹਿੰਦਾ ਹੈ, ਇਸ ਲਈ ਇਹ ਕਰਮ ਕਰਨੇ ਨਿਸਫਲ ਹਨ। ਕੇਵਲ ਪਰਮਾਤਮਾ ਦੀ ਸਿਫਤ ਸਲਾਹ ਹੀ ਮਨੁਖ ਨੂੰ ਉੱਚਾ ਆਤਮਕ ਜੀਵਨ ਦੇਂਦੀ ਹੈ।

ਗੁਰਮਤਿ ਪਟੜੀ :-

ਗ੍ਰਹਿਸਤ ਵਿਚ ਰਹਿੰਦਿਆਂ, ਕਿਰਤ-ਕਾਰ ਕਰਦਿਆਂ ਮਨੁੱਖ ਨੇ ਅੰਮ੍ਰਿਤ ਵੇਲੇ ਉਠ ਕੇ ਸਤਿਸੰਗ ਵਿਚ ਜਾ ਕੇ ਪਰਮਾਤਮਾ ਦੀ ਯਾਦ ਵਿਚ ਸਦਾ ਜੁੜਨਾ ਹੈ। ਕਿਰਤਕਾਰ ਵਿਚ ਕਮਾਈ ਸਦਾ ਹੱਕ ਦੀ ਕਰਨੀ ਹੈ, ਤੇ ਉਸ ਵਿਚੋਂ ਲੋੜਵੰਦਾਂ ਦੀ ਸੇਵਾ ਭੀ ਨਿਰਮਾਣ ਰਹਿ ਕੇ ਕਰਦੇ ਰਹਿਣਾ ਹੈ। ਦਿਨ ਵੇਲੇ ਭੀ ਚੰਗੇ ਮਨੁਖਾਂ ਦੀ ਸੋਹਬਤ ਕਰਨੀ ਹੈ। ਕੁਸੰਗ ਤੋਂ ਬਚਣਾ ਹੈ। ਪਰਮਾਤਮਾ ਦੀ ਯਾਦ ਦੀ ਇਤਨੀ ਆਦਤ ਪਕਾਣੀ ਹੈ ਕਿ ਤੁਰਦਿਆਂ, ਫਿਰਦਿਆਂ ਸੁਤਿਆਂ, ਜਾਗਦਿਆਂ ਹਰ ਵੇਲੇ ਇਹ ਯਾਦ ਮਨ ਵਿਚ ਟਿਕੀ ਰਹੇ। ਇਸ ਯਾਦ ਦੀ ਬਰਕਤ ਨਾਲ ਮਨ ਨੂੰ ਸਦਾ ਵਿਕਾਰਾਂ ਵਲੋਂ ਰੋਕੇ ਰਹਿਣਾ ਹੈ। ਇਸ ਤਰ੍ਹਾਂ ਅੰਦਰ ਪੁਰਾਣੇ ਟਿਕੇ ਹੋਏ ਭੈੜੇ ਸੰਸਕਾਰ ਸਹਿਜੇ ਸਹਿਜੇ ਮਿੱਟਦੇ ਮਿੱਟਦੇ ਉਕੇ ਹੀ ਮੁਕ ਜਾਣਗੇ, ਆਚਰਨ ਇਤਨਾ ਉੱਚਾ ਹੋ ਜਾਏਗਾ ਕਿ ਜੀਵਾਤਮਾ ਤੇ ਪਰਮਾਤਮਾ ਇਕ ਰੂਪ ਹੋ ਜਾਣਗੇ। ਬਸ ਇਹ ਹੈ ਮੁਕਤੀ। ਮੁਕਤੀ ਤੋਂ ਭਾਵ ਹੈ ਵਿਕਾਰਾਂ ਤੋਂ ਮੁਕੰਮਲ ਅਜ਼ਾਦੀ। ਜਿਹੜਾਂ ਮਨੁੱਖ ਇਸ ਅਵਸਥਾ ਤੇ ਅਪੜ ਜਾਂਦਾ ਹੈ ਉਸ ਦੀ ਪਰਮਾਤਮਾ ਨਾਲੋਂ ਵਿਥ ਮੁੱਕ ਜਾਂਦੀ ਹੈ। ਉਸ ਨੂੰ ਆਪਣੇ ਅੰਦਰ ਤੇ ਬਾਹਰ ਹਰ ਥਾਂ ਹਰੇਕ ਜੀਵ ਵਿਚ ਉਹ ਸਿਰਜਣਹਾਰ ਪ੍ਰਭੂ ਹੀ ਦਿਸ ਪੈਂਦਾ ਹੈ। ਉਹ ਕਦੇ ਲੁਕ ਕੇ ਭੀ ਵਿਕਾਰ ਨਹੀਂ ਕਰ ਸਕਦਾ। ਲੁਕੇ ਕਿਸ ਤੋਂ ? ਵੇਖਣ ਵਾਲਾ ਪਰਮਾਤਮਾ ਉਸ ਨੂੰ ਆਪਣੇ ਹੀ ਅੰਦਰ ਬੈਠਾ ਪ੍ਰਤੱਖ ਸਦਾ ਦਿਸਦਾ ਹੈ। ਸੁਖ ਆਵੇ ਚਾਹੇ ਦੁੱਖ ਆਵੇ, ਉਸ ਨੂੰ ਸਭ ਕੁਝ ਪਰਮਾਤਮਾ ਦੀ ਰਜ਼ਾ ਵਿਚ ਆਇਆ ਦਿਸਦਾ ਹੈ, ਤੇ ਰਜ਼ਾ ਉਸ ਨੂੰ ਮਿੱਠੀ ਲਗਣ ਲਗ ਪੈਂਦੀ ਹੈ।

ਜੀਵਨ ਸਫਰ ਦੀ ਇਕ ਪਟੜੀ ਉਤੇ ਮਨੁੱਖ ਨੂੰ ਸੱਚਾ ਗੁਰੂ ਤੋਰਦਾ ਹੈ, ਆਪਣੇ ਉਪਦੇਸ਼ ਦੀ ਰਾਹੀਂ, ਆਪਣੀ ਬਾਣੀ ਦੀ ਰਾਹੀਂ, ਆਪਣੇ ਜੀਵਨ ਪੂਰਨਿਆਂ ਦੀ ਰਾਹੀਂ। ਗੁਰੂ ਪਰਮਾਤਮਾ ਦੀ ਮਿਹਰ ਨਾਲ ਹੀ ਮਿਲਦਾ ਹੈ। ਸਿੱਖੀ ਵਿਚ ਗੁਰੂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਹੀ ਧਾਰਣ ਕੀਤਾ ਜਾਂਦਾ ਹੈ।

ਸ਼ਬਦ–ਵੀਚਾਰ

9. ਸੋਰਠਿ ਮਹਲਾ ੯ ॥ (ਪੰਨਾ : ੬੩੧)

ਮਨ ਕੀ, ਮਨ ਹੀ ਮਾਹਿ ਰਹੀ ॥

ਨਾ ਹਰਿ ਭਜੇ, ਨ ਤੀਰਥ ਸੇਵੇ, ਚੋਟੀ ਕਾਲਿ ਗਹੀ ॥ ੧ ॥ ਰਹਾਉ ॥

ਦਾਰਾ ਮੀਤ ਪੂਤ ਰਥ ਸੰਪਤਿ, ਧਨ ਪੂਰਨ ਸਭ ਮਹੀ ॥

ਅਵਰ ਸਗਲ ਮਿਥਿਆ ਏ ਜਾਨਉ, ਭਜਨੁ ਰਾਮੁ ਕੋ ਸਹੀ ॥ ੧ ॥

ਫਿਰਤ ਫਿਰਤ ਬਹੁਤੇ ਜੁਗ ਹਾਰਿਓ, ਮਾਨਸ ਦੇਹ ਲਹੀ ॥

ਨਾਨਕ ਕਹਤ ਮਿਲਨ ਕੀ ਬਰੀਆ, ਸਿਮਰਤ ਕਹਾ ਨਹੀ ॥ ੨ ॥ ੨ ॥

ਉਚਾਰਣ ਸੇਧਾਂ : ਕਹਾ– ਕਹਾਂ।

ਪਦ ਅਰਥ : ਮਾਹਿ–ਵਿਚ। ਰਹੀ– ਰਹਿ ਗਈ। ਭਜੇ– ਭਜਨ ਕੀਤਾ। ਤੀਰਥ–ਗੁਰੂ ਰੂਪੀ ਤੀਰਥ,। ਸੇਵੇ– ਸੇਵਾ ਕੀਤੀ। ਚੋਟੀ– ਬੋਦੀ। ਕਾਲਿ– ਕਾਲ ਨੇ। ਗਹੀ– ਫੜ ਲਈ। ਦਾਰਾ– ਇਸਤਰੀ। ਪੂਤ– ਪੁੱਤਰ। ਰਥ– ਗੱਡੀਆਂ। ਸੰਪਤਿ– ਧੰਨ, ਮਾਲ, ਸਮਾਨ। ਸਭ ਮਹੀ–ਸਾਰੀ ਧਰਤੀ। ਅਵਰ–ਹੋਰ। ਸਗਲ–ਸਾਰਾ। ਮਿਥਿਆ–ਨਾਸ਼ਵਾਨ। ਸਹੀ–ਠੀਕ,ਅਸਲ ਸਾਥੀ। ਜੁਗ–ਜੁਗਾਂ ਵਿਚ, ਬਹੁਤ ਸਮੇਂ ਤੋਂ। ਹਾਰਿਉ–ਥੱਕ ਗਿਆ।

ਨੋਟ : ਤੀਰਥ ਸਬੰਧੀ ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਉਹ ਪਵਿੱਤਰ ਸਥਾਨ ਜਿਥੇ ਜਾ ਕੇ ਇਸ਼ਨਾਨ ਕਰਨ ਨਾਲ ਪਾਪ ਖਤਮ ਹੋ ਜਾਂਦੇ ਹੋਣ। ਇਹ ਖਾਸ ਕਰਕੇ ਹਿੰਦੂ ਮਤ ਅਨੁਸਾਰ ਤੀਰਥਾਂ ਦੇ ਦਰਸ਼ਨ ਇਸ਼ਨਾਨ ਕਰਨ ਤੋਂ ਹੀ ਲਿਆ ਜਾਂਦਾ ਹੈ। ਪਰ ਗੁਰਮਤਿ ਅਨੁਸਾਰ ਇਹ ਇਕ ਫੋਕਟ ਕਰਮ ਹੈ ਜਿਸ ਦਾ ਮੁਕਤੀ ਨਾਲ ਕੋਈ ਸੰਬੰਧ ਨਹੀਂ। ਗੁਰਬਾਣੀ ਕਿਤੇ ਵੀ ਤੀਰਥ ਯਾਤਰਾ ਅਤੇ ਤੀਰਥ ਇਸ਼ਨਾਨ ਦਾ ਮਹੱਤਵ ਨਹੀਂ ਦਿੰਦੀ, ਸਗੋਂ ਗੁਰਬਾਣੀ ਵਿਚ ਸਪੱਸ਼ਟ ਫੁਰਮਾਣ ਹੈ :–

ਗੁਰ ਸਮਾਨਿ ਤੀਰਥ ਨਹੀ ਕੋਇ॥ਸਰੁ ਸੰਤੋਖ ਤਾਸੁ ਗੁਰੁ ਹੋਇ॥(ਪੰਨਾ : ੧੩੨੯)

ਤੀਰਥ ਪੂਰਾ ਸਤਿਗੁਰੂ ਜੋ ਅਨਦਿਨ ਹਰਿ ਹਰਿ ਨਾਮ ਧਿਆਏ॥ (ਪੰਨਾ : ੧੪੦)

ਇਸ ਲਈ ਉਪਰੋਕਤ ਸ਼ਬਦ ਵਿਚਲੇ "ਤੀਰਥ ਸੇਵੇ" ਤੋਂ ਭਾਵ ਗੁਰੂ ਸੇਵਾ ਜਾਂ ਸਤਸੰਗਤ ਸੇਵਾ ਹੀ ਹੈ। ਤੀਰਥ ਦੀ ਸੇਵਾ ਨਹੀਂ ਹੈ।

ਭੂਮਿਕਾ : ਉਪਰੋਕਤ ਸ਼ਬਦ ਵਿਚ ਨੌਵੇਂ ਪਾਤਸ਼ਾਹ ਉਨ੍ਹਾਂ ਮਾਇਆ ਵਿਚ ਫਸੇ ਮਨੁੱਖਾਂ ਦੀ ਮਨੋਦਸ਼ਾ ਬਿਆਨ ਕਰਦੇ ਹਨ ਜੋ ਇਹ ਸਮਝਦੇ ਹਨ ਕਿ ਪਰਮਾਤਮਾ ਦੀ ਬੰਦਗੀ ਕਿਸੇ ਵਿਹਲੇ ਸਮੇਂ (ਫੇਰ ਕਦੇ) ਕਰਾਂਗੇ ਤੇ ਇੰਜ ਮਾਇਆ ਵਿਚ ਫਸਿਆਂ ਹੀ ਮੌਤ ਆ ਘੇਰਦੀ ਹੈ ਤੇ ਭਗਤੀ ਕਰਨ ਦੀ ਆਸ ਮਨ ਵਿਚ ਹੀ ਰਹਿ ਜਾਂਦੀ ਹੈ।

ਭਾਵ ਅਰਥ : ਗੁਰੂ ਤੇਗ ਬਹਾਦਰ ਸਾਹਿਬ ਰਹਾਉ ਦੇ ਬੰਦ ਵਿਚ ਫੁਰਮਾਉਂਦੇ ਹਨ

ਮਾਇਆ ਦੇ ਜਾਲ ਵਿਚ ਫਸੇ ਹੋਏ ਮਨੁੱਖ ਨੇ ਨਾ ਭਜਨ ਕੀਤਾ। ਨਾ ਗੁਰੂ ਦੀ ਸੇਵਾ ਕੀਤੀ ਭਾਵ ਗੁਰੂ ਦੁਆਰਾ ਦਰਸਾਈ ਜੀਵਨ ਜਾਚ ਨਾ ਅਪਣਾਈ ਪਰ ਅਚਾਨਕ ਹੀ ਮੌਤ ਨੇ ਆ ਘੇਰਾ ਪਾਇਆ ਹੈ।

ਇਸਤਰੀ, ਮਿੱਤਰ, ਪੁੱਤਰ, ਗੱਡੀਆਂ, (ਸੁਆਰੀਆਂ) ਮਾਲ–ਅਸਬਾਬ, ਧਨ ਪਦਾਰਥ, ਜਮੀਨ–ਜਾਇਦਾਦ, ਜੋ ਤੂੰ ਆਪਣਾ ਸਮਝਦਾ ਹੈ ਸਭ ਕੁਝ ਹੀ ਨਾਸ਼ਵਾਨ ਹੈ। ਪਰਮਾਤਮਾ ਦਾ ਭਜਨ ਸਿਮਰਨ ਹੀ ਤੇਰਾ ਅਸਲ ਸਾਥੀ ਹੈ।

ਲੰਮੀ ਭਟਕਣਾ ਤੋਂ ਬਾਅਦ ਬਾਕੀ ਸਾਰੀਆ ਜੂਨਾਂ ਨਾਲੋਂ ਉਤਮ ਤੈਨੂੰ ਮਨੁੱਖਾ ਸਰੀਰ ਪ੍ਰਾਪਤ ਹੋਇਆ ਹੈ ਜਿਸ ਦੁਆਰਾ ਹੀ ਪਰਮਾਤਮਾ ਦੀ ਭਗਤੀ ਤੇ ਪ੍ਰਾਪਤੀ ਕੀਤੀ ਜਾ ਸਕਦੀ ਹੈ। ਇਸ ਲਈ ਹੇ ਮਨੁੱਖ ਤੂੰ ਉਸਦੀ ਯਾਦ ਵਿਚ ਕਿਉਂ ਨਹੀਂ ਜੁੜਦਾ।

ਸਾਰੰਸ਼ : ਮਨੁੱਖ ਸੰਸਾਰ ਦੇ ਮਾਇਆ ਮੋਹ ਵਿਚ ਫਸ ਕੇ ਪਰਮਾਤਮਾ ਨੂੰ ਵਿਸਾਰ ਦਿੰਦਾ ਹੈ ਅਤੇ ਜ਼ਿੰਦਗੀ ਭਰ ਭਟਕਦਾ ਰਹਿੰਦਾ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਇਸ ਤਰਸਯੋਗ ਹਾਲਤ ਵਿਚੋਂ ਕਢਣ ਲਈ ਸਮਝਾਇਆ ਹੈ ਕਿ ਮੌਤ ਤੇਰੇ ਸਿਰ ਤੇ ਖੜੀ ਹੈ । ਆਪਣੇ ਆਪ ਨੂੰ ਸੰਭਾਲ ਅਤੇ ਪ੍ਰਭੂ ਦਾ ਸਿਮਰਨ ਕਰ।

10. ਰਾਗੁ ਗਉੜੀ ਮਹਲਾ ੯ ॥ (ਪੰਨਾ : ੨੧੯)

ਸਾਧੋ, ਮਨ ਕਾ ਮਾਨੁ ਤਿਆਗਉ ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ, ਤਾ ਤੇ ਅਹਿਨਿਸਿ ਭਾਗਉ ॥ ੧ ॥ ਰਹਾਉ ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ, ਅਉਰੁ ਮਾਨੁ ਅਪਮਾਨਾ ॥

ਹਰਖ ਸੋਗ ਤੇ ਰਹੈ ਅਤੀਤਾ, ਤਿਨਿ, ਜਗਿ ਤਤੁ ਪਛਾਨਾ ॥ ੧ ॥

ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦੁ ਨਿਰਬਾਨਾ ॥

ਜਨ ਨਾਨਕ ਇਹੁ ਖੇਲੁ ਕਠਨੁ ਹੈ, ਕਿਨਹੂੰ ਗੁਰਮੁਖਿ ਜਾਨਾ ॥ ੨ ॥ ੧ ॥

ਉਚਾਰਣ ਸੇਧਾਂ : ਤਾ –ਤਾਂ। ਦੋਊ–ਦੋਂਊ।

ਪਦ ਅਰਥ : ਸਾਧੋ–ਹੇ ਭਗਤੀ ਦੇ ਰਾਹ ਤੇ ਤੁਰਨ ਵਾਲਿਓ। ਦੁਰਜਨ–ਵਿਕਾਰੀ ਮਨੁੱਖ। ਹਰਖ–ਖੁਸ਼ੀ। ਤਤੁ–ਅਸਲੀਅਤ। ਪਦੁ ਨਿਰਬਾਨਾ–ਵਾਸ਼ਨਾ ਰਹਿਤ ਅਵਸਥਾ।

ਭੂਮਿਕਾ : ਸੰਸਾਰ ਵਿਚ ਮਨੁੱਖਾ ਜਨਮ ਦੇ ਅਸਲੀਅਤ ਭਾਵ ਇਕ ਆਦਰਸ਼ਕ ਮਨੁੱਖਦੀ ਸਿਰਜਣਾ ਲਈ ਗੁਰੂ ਸਾਹਿਬ ਇਸ ਸ਼ਬਦ ਰਾਹੀਂ ਕੁਝ ਚੰਗੇ ਗੁਣਾਂ ਨੂੰ ਧਾਰਣ ਕਰਨ ਅਤੇ ਔਗੁਣਾਂ ਨੂੰ ਛੱਡ ਦੇਣ ਲਈ ਪ੍ਰੇਰਨਾ ਕਰਦੇ ਹਨ।

ਭਾਵ ਅਰਥ : ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ ਸਤਸੰਗੀ ਜਨੋ ! ਮਨ ਵਿਚੋਂ ਵੱਡਪੁਣੇ ਦਾ ਹੰਕਾਰ ਕੱਢ ਦਿਉ ਕਿ ਤੁਸੀਂ ਇਸ ਰਾਹ 'ਤੇ ਤੁਰੇ ਹੋ ਕਿਉਂਕਿ ਇਸ ਰਾਹ ਤੇ ਪੈਰ ਵੀ ਮਾਲਕ ਵਾਹਿਗੁਰੂ ਦੀ ਮਰਜ਼ੀ ਬਿਨਾਂ ਨਹੀਂ ਰੱਖਿਆ ਜਾ ਸਕਦਾ। ਸੋ ਮਨ ਵਿਚ

ਇਹ ਹੰਕਾਰ ਨਹੀਂ ਰਹਿਣਾ ਚਾਹੀਦਾ ਕਿ ਮੈਂ ਪਰਮਾਤਮਾ ਦੀ ਭਗਤੀ ਕਰ ਰਿਹਾ ਹਾਂ। ਇਸ ਲਈ ਸ਼ਾਇਦ ਦੂਜੇ ਮਨੁੱਖਾਂ ਤੋਂ ਕੁਝ ਵੱਡਾ ਹੋ ਗਿਆ ਹਾਂ। ਕਾਮ ਅਤੇ ਕ੍ਰੋਧ ਦਾ ਵੀ ਇਸ ਰਾਹ ਤੇ ਤੁਰਨ ਲਈ ਤਿਆਗ ਕਰ ਦੇਣਾ ਚਾਹੀਦਾ ਹੈ । ਗਲਤ ਵਿਚਾਰਾਂ ਨਾਲ ਭਰੇ ਹੋਏ ਮਨੁੱਖਾਂ ਦੇ ਨੇੜੇ ਵੀ ਨਹੀਂ ਲੱਗਣਾ ਚਾਹੀਦਾ। ਜੋ ਮਨੁੱਖ ਉਸ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਿਆਂ ਦੁੱਖ ਅਤੇ ਸੁੱਖ ਨੂੰ ਇਕ ਸਮਝ ਲੈਂਦਾ ਹੈ, ਮਾਨ ਅਤੇ ਅਪਮਾਨ ਵਿਚਕਾਰ ਜਿਸ ਮਨੁੱਖ ਲਈ ਕੋਈ ਫਰਕ ਨਹੀਂ ਰਹਿ ਜਾਂਦਾ, ਜੋ ਖੁਸ਼ੀ ਅਤੇ ਗਮ ਦੋਹਾਂ ਵਿਚ ਇਕੋ ਜਿਹਾ ਨਿਰਲੇਪ ਰਹਿੰਦਾ ਹੈ, ਐਸਾ ਮਨੁੱਖ ਹੀ ਨਿਰਬਾਨ ਪਦ ਭਾਵ ਦੁਨੀਆਂ ਵਿਚ ਰਹਿੰਦਿਆਂ ਵੀ ਇੱਛਾਵਾਂ ਰਹਿਤ ਰਹਿ ਕੇ ਆਪਣੇ ਅੰਦਰੋਂ ਉਸ ਪ੍ਰਭੂ ਨੂੰ ਪਹਿਚਾਣ ਸਕਦਾ ਹੈ। ਭਾਵੇਂ ਐਸਾ ਸਭ ਕੁਝ ਹੋ ਸਕਣਾ ਬਹੁਤ ਮੁਸ਼ਕਿਲ ਹੁੰਦਾ ਹੈ ਪਰ ਕਈ ਵਿਰਲੇ ਮਨੁੱਖ ਗੁਰੂ ਦੀ ਕਿਰਪਾ ਸਦਕਾ ਐਸੀ ਅਵਸਥਾ ਪਾ ਹੀ ਜਾਂਦੇ ਹਨ।

ਸਾਰੰਸ਼ : ਮਨੁੱਖ ਨੂੰ ਆਪਣੇ ਜੀਵਨ ਦੇ ਅਸਲ ਉਦੇਸ਼ ਭਾਵ ਇਕ ਆਦਰਸ਼ ਮਨੁੱਖ ਬਨਣ ਲਈ ਆਪਣੇ ਅੰਦਰੋਂ ਔਗੁਣਾਂ ਨੂੰ ਕੱਢ ਕੇ ਸ਼ੁਭ ਗੁਣਾਂ ਦੇ ਧਾਰਨੀ ਹੋ ਕੇ ਆਪਣੇ ਅਸਲ ਰਾਹ ਤੇ ਪੂਰੇ ਸੁਚੇਤ ਹੋ ਕੇ ਤੁਰਨਾ ਚਾਹੀਦਾ ਹੈ ਤਾਂ ਹੀ ਉਹ ਆਪਣੇ ਇਸ ਮੁਸ਼ਕਲ ਉਚੱਤਮ ਉਦੇਸ਼ ਨੂੰ ਪ੍ਰਾਪਤ ਕਰ ਸਕਦਾ ਹੈ।

11. ਸੋਰਠਿ ਮਹਲਾ ੯ ॥ (ਪੰਨਾ : ੬੩੩)

ਜੋ ਨਰੁ, ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ, ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥
ਨਹ ਨਿੰਦਿਆ ਨਹ, ਉਸਤਤਿ ਜਾ ਕੈ, ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ ॥ ੧ ॥
ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥
ਗੁਰ, ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ ॥
ਨਾਨਕ, ਲੀਨ ਭਇਓ ਗੋਬਿੰਦ ਸਿਉ, ਜਿਉ, ਪਾਨੀ ਸੰਗਿ ਪਾਨੀ ॥ ੩ ॥ ੧੧॥

ਉਚਾਰਣ ਸੇਧਾਂ : ਮੈ - ਮੈਂ । ਜਾ -ਜਾਂ। ਨਹ- ਨੰਹ। ਨਾਹਿ- ਨਾਹਿਂ। ਜਿਹ- ਜਿੰਹ। ਤਿਹ-ਤਿੰਹ। ਸਿਉ - ਸਿਉਂ। ਜਿਉ- ਜਿਉ।

ਪਦ ਅਰਥ : ਦੁਖ ਮੈ- ਦੁੱਖ ਵਿਚ। ਜਾਕੇ- ਜਿਸਦੇ ਮਨ ਵਿਚ। ਹਰਖ ਸੋਗ ਤੇ- ਖੁਸ਼ੀ ਤੇ ਗਮੀ ਤੋਂ । ਮਨਸਾ- ਮਨੋਕਾਮਨਾ। ਪਰਸੈ- ਛੂੰਹਦਾ। ਤਿਹ ਘਟਿ - ਉਸਦੇ ਹਿਰਦੇ ਵਿਚ। ਬ੍ਰਹਮ ਨਿਵਾਸਾ- ਪਰਮਾਤਮਾ ਦਾ ਨਿਵਾਸ। ਗੁਰਿ- ਗੁਰੂ ਨੇ। ਸਿਉ- ਨਾਲ,ਵਿਚ। ਸੰਗਿ- ਨਾਲ।

ਭੂਮਿਕਾ : ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਮਨੁੱਖ ਦੇ ਆਦਰਸ਼ਕ ਮਨੁੱਖ ਬਨਣ

ਲਈ ਧਾਰਣ ਕੀਤੇ ਜਾਣ ਵਾਲੇ 18 ਗੁਣਾਂ ਦਾ ਵਰਣਨ ਵਿਸਥਾਰ ਸਹਿਤ ਕੀਤਾ ਹੈ।

ਭਾਵ ਅਰਥ : ਹੇ ਭਾਈ ! ਜਿਹੜਾ ਮਨੁਖ ਦੁੱਖ ਵਿਚ ਘਬਰਾਂਦਾ ਨਹੀਂ, ਸੁੱਖਾਂ ਦਾ ਬਹੁਤਾ ਲਾਲਚ ਨਹੀਂ ਕਰਦਾ। ਜਿਸਦੇ ਮਨ ਵਿਚ ਕਿਸੇ ਕਿਸਮ ਦਾ ਡਰ ਨਹੀਂ ਅਤੇ ਜੋ ਸਭ ਕੁਝ ਸਮਾਨ ਹੀ ਸਮਝਦਾ ਹੈ। ਉਸ ਮਨੁੱਖ ਨੂੰ ਹੀ ਆਪਣੇ ਵਸ ਰਹੇ ਪਰਮਾਤਮਾ ਦੀ ਸੋਝੀ ਹੋ ਸਕਦੀ ਹੈ। ਹੇ ਭਾਈ! ਜਿਸ ਮਨੁੱਖ ਦੇ ਅੰਦਰ ਕਿਸੇ ਦੀ ਨਿੰਦਿਆ ਜਾਂ ਖੁਸ਼ਾਮਦ ਕਰਨ ਦੀ ਭਾਵਨਾ ਨਹੀਂ ਹੈ ਅਤੇ ਨਾ ਹੀ ਲਾਲਚ ਤੇ ਹੰਕਾਰ ਵਿਚ ਫਸਿਆ ਹੈ। ਉਹ ਮਨੁੱਖ ਖੁਸ਼ੀ ਅਤੇ ਗਮੀ ਤੋਂ ਨਿਰਲੇਪ ਰਹਿੰਦਾ ਹੈ ਉਸਨੂੰ ਆਦਰ ਜਾਂ ਉਸਤਤ ਭਰਮਾ ਨਹੀਂ ਸਕਦੀ ਅਤੇ ਨਾ ਹੀ ਉਹ ਨਿਰਾਦਰੀ ਤੋਂ ਘਬਰਾਂਦਾ ਹੈ। ਉਹ ਮਨੁਖ ਹੀ ਆਪਣੇ ਹਿਰਦੇ ਵਿਚ ਵਸੇ ਹੋਏ ਪਰਮਾਤਮਾ ਨੂੰ ਪਛਾਣ ਸਕਦਾ ਹੈ।

ਹੇ ਭਾਈ ! ਜਿਹੜਾ ਮਨੁੱਖ ਸਾਰੀਆਂ ਆਸਾਂ ਉਮੀਦਾਂ ਦਾ ਤਿਆਗ ਕਰ ਦਿੰਦਾ ਹੈ, ਤੇ ਸੰਸਾਰ ਵਿਚ ਖਚਤ ਨਹੀਂ ਹੁੰਦਾ। ਜਿਸਨੂੰ ਕਾਮ, ਕ੍ਰੋਧ ਛੂਹ ਨਹੀਂ ਸਕਦਾ, ਉਹ ਮਨੁਖ ਹੀ ਆਪਣੇ ਹਿਰਦੇ ਵਿਚ ਵਸ ਰਹੇ ਪਰਮਾਤਮਾ ਨੂੰ ਪਛਾਣ ਸਕਦਾ ਹੈ। ਪਰ ਹੇ ਨਾਨਕ! ਜਿਸ ਮਨੁੱਖ ਉਤੇ ਗੁਰੂ ਨੇ ਕਿਰਪਾ ਕੀਤੀ ਹੈ ਉਸਨੇ ਹੀ ਜੀਵਨ ਦੀ ਇਹ ਜਾਚ ਸਮਝੀ ਹੈ, ਉਹ ਮਨੁੱਖ ਪਰਮਾਤਮਾ ਨਾਲ ਇਸ ਤਰ੍ਹਾਂ ਇਕ ਮਿਕ ਹੋ ਜਾਂਦਾ ਹੈ ਜਿਵੇਂ ਪਾਣੀ ਨਾਲ ਪਾਣੀ।

ਸਾਰੰਸ਼ : ਇਹ ਸ਼ਬਦ ਸਧਾਰਣ ਮਨੁਖ ਨੂੰ ਹੈਰਾਨ ਕਰਨ ਵਾਲਾ ਹੈ ਕਿ ਐਸਾ ਮਨੱਖ ਸੰਸਾਰ ਤੇ ਕਿਵੇਂ ਹੋ ਸਕਦਾ ਹੈ ਜੋ ਨਿੰਦਾ-ਉਸਤਤ, ਲੋਭ-ਮੋਹ, ਖੁਸ਼ੀ-ਗਮੀ, ਇਜ਼ਤ-ਬੇਇਜ਼ਤੀ, ਆਸਾ ਤੇ ਨਿਰਾਸਤਾ ਤੋਂ ਨਿਰਲੇਪ ਹੋਵੇ। ਕਾਮ, ਕ੍ਰੋਧ, ਉਸਦੇ ਨੇੜਿਉਂ ਵੀ ਨਾ ਲੰਘਦੇ ਹੋਣ, ਪਰ ਐਸਾ ਪੂਰੇ ਗੁਰੂ ਦੀ ਕਿਰਪਾ ਦੁਆਰਾ ਸੰਭਵ ਹੋ ਸਕਦਾ ਹੈ। ਗੁਰੂ ਤੋਂ ਗਿਆਨ ਲੈ ਕੇ ਮਨੁੱਖ ਆਪਣੇ ਜੀਵਨ ਨੂੰ ਉਪਰੋਕਤ ਗੁਣਾਂ ਨਾਲ ਭਰਪੂਰ ਕਰਕੇ ਪਰਮਾਤਮਾ ਨਾਲ ਇਕ ਮਿਕ ਹੋ ਸਕਦਾ ਹੈ।

12. ਸੋਰਠਿ ਮਹਲਾ ੯ ॥ (ਪੰਨਾ : ੬੩੧)

ਮਨ ਰੇ, ਕਉਨੁ ਕੁਮਤਿ ਤੈ ਲੀਨੀ ॥
ਪਰ ਦਾਰਾ ਨਿੰਦਿਆ ਰਸ ਰਚਿਓ, ਰਾਮ ਭਗਤਿ ਨਹਿ ਕੀਨੀ ॥ ੧ ॥ ਰਹਾਉ ॥
ਮੁਕਤਿ ਪੰਥੁ ਜਾਨਿਓ ਤੈ ਨਾਹਨਿ, ਧਨ ਜੋਰਨ ਕਉ ਧਾਇਆ ॥
ਅੰਤਿ, ਸੰਗ ਕਾਹੂ ਨਹੀ ਦੀਨਾ, ਬਿਰਥਾ ਆਪੁ ਬੰਧਾਇਆ ॥ ੧ ॥
ਨਾ ਹਰਿ ਭਜਿਓ, ਨ ਗੁਰ ਜਨੁ ਸੇਵਿਓ, ਨਹ ਉਪਜਿਓ ਕਛੁ ਗਿਆਨਾ ॥
ਘਟ ਹੀ ਮਾਹਿ ਨਿਰੰਜਨੁ ਤੇਰੈ, ਤੈ ਖੋਜਤ ਉਦਿਆਨਾ ॥ ੨ ॥
ਬਹੁਤੁ ਜਨਮ ਭਰਮਤ ਤੈ ਹਾਰਿਓ, ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ, ਪਦ ਹਰਿ ਭਜੁ, ਨਾਨਕ ਬਾਤ ਬਤਾਈ ॥ ੩ ॥ ੩ ॥

ਉਚਾਰਣ ਸੇਧਾਂ : ਤੈ-ਤੈਂ। ਨਹ- ਨਹਂ।

ਪਦ ਅਰਥ : ਕੁਮਤਿ- ਭੈੜੀ ਮਤਿ। ਦਾਰਾ- ਇਸਤਰੀ। ਰਸਿ- ਰਸ ਵਿਚ। ਮੁਕਤਿ ਪੰਥੁ- ਵਿਕਾਰਾਂ ਤੋਂ ਖਲਾਸੀ ਦਾ ਰਾਹ। ਨਾਹਿਨ - ਨਹੀਂ । ਧਾਇਆ- ਦੌੜਿਆ ਫਿਰਦਾ ਹੈ। ਘਟ- ਹਿਰਦਾ। ਗਿਆਨਾ- ਆਤਮਕ ਜੀਵਨ ਦੀ ਸੂਝ। ਉਦਿਆਨਾ- ਜੰਗਲ।

ਭੂਮਿਕਾ : ਉਪਰੋਕਤ ਸ਼ਬਦ ਵਿਚ ਗੁਰੂ ਸਾਹਿਬ ਮਨੁੱਖਾ ਜਨਮ ਦੇ ਅਸਲ ਉਦੇਸ਼ ਭਾਵ ਆਪਣੇ ਅੰਦਰੋ ਪਰਮਾਤਮਾ ਨੂੰ ਪਹਿਚਾਨਣ ਬਾਰੇ ਸਮਝਾਉਂਦੇ ਹੋਏ ਭੈੜੀ ਮੱਤ ਅਤੇ ਵਿਕਾਰਾਂ ਤੋਂ ਬਚਣ ਦੀ ਪ੍ਰੇਰਣਾ ਕਰਦੇ ਹਨ।

ਭਾਵ ਅਰਥ : ਗੁਰੂ ਸਾਹਿਬ ਇਨਸਾਨੀ ਮਨ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਹੇ ਮਨਾਂ ਤੂੰ ਕਿਹੜੀ ਭੈੜੀ ਮਤ ਲੈ ਲਈ ਹੈ। ਪਰ ਇਸਤਰੀ ਅਤੇ ਪਰ ਨਿੰਦਾ ਵਰਗੇ ਭੈੜੇ ਵਿਕਾਰ ਅਪਨਾ ਲਏ ਅਤੇ ਪਰਮਾਤਮਾ ਨੂੰ ਯਾਦ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸੁਚੱਜੀ ਜੀਵਨ ਜਾਚ ਬਾਰੇ ਕੁਝ ਵੀ ਨਹੀਂ ਸਮਝਿਆ ਅਤੇ ਵਿਅਰਥ ਹੀ ਧਨ ਜੋੜਨ ਲਈ ਦੌੜਦਾ ਰਿਹਾ। ਜਿਨ੍ਹਾਂ ਲਈ ਵਿਅਰਥ ਵਿਚ ਹੀ ਆਪਣੇ ਆਪ ਨੂੰ ਬੰਨੀ ਰਖਿਆ ਉਨ੍ਹਾਂ ਵਿਚੋਂ ਕਿਸੇ ਨੇ ਵੀ ਅਖੀਰ ਤੇ ਸਾਥ ਨਹੀਂ ਦਿੱਤਾ। ਨਾ ਪਰਮਾਤਮਾ ਨੂੰ ਯਾਦ ਕੀਤਾ ਨਾ ਸਤਸੰਗੀਆਂ ਦਾ ਸੰਗ ਕੀਤਾ ਅਤੇ ਨਾ ਹੀ ਗੁਰੂ ਦੇ ਗਿਆਨ ਤੋਂ ਕੁਝ ਸੋਝੀ ਹੋਈ। ਪਰਮਾਤਮਾ ਤਾਂ ਤੇਰੇ ਆਪਣੇ ਅੰਦਰ ਹੀ ਵਸਦਾ ਰਿਹਾ ਹੈ, ਪਰ ਤੂੰ ਉਸ ਨੂੰ ਜੰਗਲਾਂ ਵਿਚੋਂ ਲਭਣ ਦੀ ਕੋਸ਼ਿਸ਼ ਕਰਦਾ ਰਿਹਾ ਹੈ।ਸਾਰਾ ਜੀਵਨ ਇਸ ਤਰ੍ਹਾਂ ਹੀ ਗੁਆ ਦਿੱਤਾ ਪਰ ਕੋਈ ਵੀ ਚੰਗੀ ਅਕਲ ਨਹੀਂ ਲਈ। ਜਦ ਕਿ ਮਨੁੱਖਾ ਜੀਵਨ ਪਾ ਕੇ ਸੁਚੱਜੀ ਸਮਝ ਦੁਆਰਾ ਸੁਚੱਜੀ ਜੀਵਨ ਜਾਚ ਅਪਣਾ ਕੇ ਪਰਮਾਤਮਾ ਨੂੰ ਸਿਮਰ ਕੇ ਆਪਣੇ ਅੰਦਰੋਂ ਪਹਿਚਾਨਣਾ ਹੀ ਮਨੁੱਖਾ ਜੀਵਨ ਦਾ ਅਸਲ ਉਦੇਸ਼ ਹੈ।

ਸਾਰੰਸ਼ : ਮਨੁੱਖ ਨੂੰ ਸਬੰਧੀਆਂ ਦੇ ਵਿਅਰਥ ਮੋਹ ਮਾਇਆ ਤੋਂ ਉੱਚਾ ਉੱਠ,ਪਰ ਨਿੰਦਾ ਵਰਗੇ ਵਿਕਾਰਾਂ ਨੂੰ ਛੱਡਦਿਆਂ ਹੋਇਆ ਸੁਚੱਜੀ ਜੀਵਨ ਜਾਚ ਦੁਆਰਾ ਆਪਣੇ ਮੁੱਖ ਉਦੇਸ਼ ਦੀ ਪ੍ਰਾਪਤੀ ਵੱਲ ਲੱਗਣਾ ਚਾਹੀਦਾ ਹੈ। ਭਟਕਣਾ ਛੱਡ ਕੇ ਸਿੱਧਾ ਰਾਹ ਫੜ ਕੇ ਹੀ ਮੰਜ਼ਿਲ ਨੂੰ ਆਸਾਨੀ ਨਾਲ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

13. ਬਿਲਾਵਲੁ ਮਹਲਾ ੯ ॥ (ਪੰਨਾ : ੮੩੦)

ਹਰਿ ਕੇ ਨਾਮ ਬਿਨਾ, ਦੁਖੁ ਪਾਵੈ ॥
ਭਗਤਿ ਬਿਨਾ, ਸਹਸਾ ਨਹ ਚੂਕੈ, ਗੁਰੁ, ਇਹੁ ਭੇਦੁ ਬਤਾਵੈ ॥ ੧ ॥ ਰਹਾਉ ॥
ਕਹਾ ਭਇਓ ਤੀਰਥ ਬ੍ਰਤ ਕੀਏ, ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ, ਜੋ, ਪ੍ਰਭ ਜਸੁ ਬਿਸਰਾਵੈ ॥ ੧ ॥
ਮਾਨ ਮੋਹ ਦੋਨੋ ਕਉ ਪਰਹਰਿ, ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ, ਇਹ ਬਿਧਿ ਕੋ ਪ੍ਰਾਨੀ, ਜੀਵਨ ਮੁਕਤਿ ਕਹਾਵੈ ॥ ੨ ॥ ੨ ॥

ਉਚਾਰਣ ਸੇਧਾਂ : ਸਹਂਸਾ, ਨਹਂ, ਸ਼ਰਨਿ, ਜੱਗ, ਤਿਂਹ।

ਨੋਟ : ਕਹਾ ਨੂੰ ਕਹਾਂ ਨਹੀਂ ਪੜ੍ਹਨਾ ਅਤੇ ਕ੍ਹਾ ਉਚਾਰਣ ਕਰਨਾ ਹੈ।

ਪਦ ਅਰਥ : ਸਹਸਾ - ਸੰਸਾ, ਭੁਲੇਖਾ, ਸਹਿਮ। ਚੂਕੇ- ਮੁੱਕਦਾ। ਭੇਦੁ- ਜੀਵਨ ਮਾਰਗ ਦਾ ਗੁੱਝਾ ਭੇਦ, ਡੂੰਘੀ ਗੱਲ। ਜਸੁ- ਸਿਫਤਿ ਸਾਲਾਹ। ਜੱਗ- ਯੱਗ। ਜੋਗ- ਜੋਗ ਸਾਧਨ। ਨਿਹਫਲ- ਵਿਅਰਥ। ਮਾਨ- ਹੰਕਾਰ। ਪਰਹਰਿ- ਤਿਆਗ ਕੇ। ਬਿਧਿ- ਢੰਗ, ਕਿਸਮ। ਜੀਵਨ ਮੁਕਤਿ- ਜੀਊਂਦਾ ਹੀ ਵਿਕਾਰਾਂ ਤੋਂ ਆਜ਼ਾਦ।

ਭੂਮਿਕਾ : ਉਪਰੋਕਤ ਸ਼ਬਦ ਵਿਚ ਗੁਰੂ ਸਾਹਿਬ ਮਨੁੱਖਾਂ ਦੇ ਦੁਖੀ ਰਹਿਣ ਦਾ ਕਾਰਣ ਅਤੇ ਉਸ ਕਾਰਣ ਨੂੰ ਦੂਰ ਕਰਨ ਦਾ ਢੰਗ ਦੱਸ ਕੇ ਜੀਵਨ ਨੂੰ ਵੱਧ ਤੋਂ ਵੱਧ ਸਹਿਜ ਰੂਪ ਵਿਚ ਜੀਊਣ ਦਾ ਢੰਗ ਦਸਦੇ ਹਨ।

ਭਾਵ ਅਰਥ : ਹੇ ਭਾਈ! ਗੁਰੂ ਜੀਵਨ ਦੇ ਰਸਤੇ ਦੀ ਡੂੰਘੀ ਗੱਲ ਦਸਦਾ ਹੈ ਕਿ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਮਨੁੱਖ ਦਾ ਸਹਿਮ ਦੂਰ ਨਹੀਂ ਹੁੰਦਾ ਅਤੇ ਉਹ ਲਗਾਤਾਰ ਦੁੱਖਾਂ ਵਿਚ ਘਿਰਿਆ ਰਹਿੰਦਾ ਹੈ। ਮਨੁੱਖ ਤੀਰਥਾਂ ਤੇ ਜਾਣਾ, ਵਰਤ ਰਖਣਾ, ਜੋਗ ਸਾਧਨ ਕਰਨੇ ਅਤੇ ਯੱਗ ਆਦਿਕ ਕਰਮ ਧਰਮ ਸਭ ਵਿਅਰਥ ਹਨ। ਸਿਰਫ ਵਾਹਿਗੁਰੂ ਜੀ ਦਾ ਨਾਮ ਜਪਣਾ ਅਸਲ ਧਾਰਮਿਕ ਕਰਮ ਹੈ।ਨੌਵੇਂ ਨਾਨਕ ਸਮਝਾਉਂਦੇ ਹਨ ਕਿ ਜੋ ਮਨੁੱਖ ਹੰਕਾਰ ਅਤੇ ਮਾਇਆ ਦੇ ਮੋਹ ਨੂੰ ਛੱਡ ਕੇ ਇਕੋ ਪਰਮਾਤਮਾ ਦੇ ਗੁਣ ਗਾਉਂਦਾ ਹੈ ਉਹੀ ਮਨੁੱਖ ਵਿਕਾਰਾਂ ਦੀ ਪਕੜ ਤੋਂ ਆਜ਼ਾਦ ਰਹਿ ਸਕਦਾ ਹੈ ਅਤੇ ਜੀਵਨ ਮੁਕਤਿ ਕਹਾਉਂਦਾ ਹੈ।

ਸਾਰੰਸ਼ : ਗੁਰੂ ਸਾਹਿਬ ਅਨੁਸਾਰ ਮਨੁੱਖ ਪਰਮਾਤਮਾ ਦੀ ਯਾਦ ਵਿਸਾਰ ਕੇ ਹੀ ਦੁੱਖ ਪਾਉਂਦਾ ਹੈ। ਹੋਰ ਸਭ ਤੀਰਥ, ਵਰਤ, ਜੋਗ, ਯੱਗ ਆਦਿਕ ਕਰਮ ਸਭ ਫਜ਼ੂਲ ਹਨ। ਸਿਰਫ ਪਰਮਾਤਮਾ ਦੀ ਯਾਦ ਅਤੇ ਸਿਫਤਿ ਸਲਾਹ ਨਾਲ ਹੀ ਮਨੁੱਖੀ ਮਨ ਵਿਕਾਰਾਂ ਤੋਂ ਬਚ ਕੇ ਜੀਵਨ ਮੁਕਤਿ ਹੋ ਸਕਦਾ ਹੈ। ਗੁਰਮਤਿ ਵਿਚ ਮਰਣ ਉਪਰੰਤ ਮੁਕਤੀ ਦਾ ਕੋਈ ਸਿਧਾਂਤ ਨਹੀਂ ਸਗੋਂ ਸੁਚੱਜਾ ਜੀਵਨ ਜਿਉਂਦੇ ਹੋਏ ਵਿਸ਼ੇ ਵਿਕਾਰਾਂ ਤੇ ਕਾਬੂ ਪਾ ਕੇ ਪ੍ਰਭੂ ਦੀ ਯਾਦ ਵਿਚ ਜੁੜੇ ਰਹਿਣਾ ਹੀ ਜੀਵਨ ਮੁਕਤਿ ਹੈ।

ਨੋਟ : ਗੁਰਬਾਣੀ ਦੀ ਸੇਧ ਨਾ ਹੋਣ ਕਾਰਣ ਅਸੀਂ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਨਾਲ ਕਈ ਮਨਘੜਤ ਕਹਾਣੀਆਂ ਜੋੜ ਰਹੇ ਹਨ। ਜਿਵੇਂ ਕਿ ਗੁਰੂ ਸਾਹਿਬ ਦਾ ਤੀਰਥ ਰਟਨ ਕਰਨਾ, ਦਾਨ ਪੁੰਨ ਕਰਨਾ, ਜੋ ਕਿ ਇਸ ਸ਼ਬਦ ਦੀ ਸੇਧ ਵਿਚ ਨਿਰਮੂਲ ਜਾਪਦਾ ਹੈ।

ਜੀਵਨ ਵਿਕਾਸ

14. ਮਨੁੱਖਤਾ ਅਤੇ ਪਰ ਸੁਆਰਥ

ਪਰ ਸੁਆਰਥ ਅਤੇ ਸੁਆਰਥ ਦੋ ਵਿਰੋਧੀ ਭਾਵਾਂ ਅਤੇ ਭਾਵਨਾਵਾਂ ਵਾਲੇ ਸ਼ਬਦ ਹਨ। ਸੁਆਰਥ ਤੋਂ ਭਾਵ ਹੈ ਸਵੈ-ਅਰਥ ਭਾਵ ਆਪਣੇ ਲਈ ਅਤੇ ਪਰ ਸੁਆਰਥ ਤੋਂ

ਭਾਵ ਹੈ ਦੂਜੇ ਲਈ। ਮਨੁੱਖੀ ਸੋਚ ਆਮ ਤੌਰ ਤੇ ਆਪਣੇ ਆਪੇ ਲਈ ਅਤੇ ਨਿਜ ਤੱਕ ਹੀ ਸੀਮਿਤ ਹੁੰਦੀ ਹੈ। ਮਨੁੱਖ ਬਹੁਤਾ ਕਰ ਕੇ ਆਪਣੇ ਆਪ ਲਈ,ਆਪਣੇ ਪਰਿਵਾਰ ਲਈ, ਆਪਣੇ ਭਾਈਚਾਰੇ ਲਈ, ਆਪਣੇ ਦੇਸ਼ ਅਤੇ ਕੌਮ ਦੇ ਹਿੱਤਾਂ ਲਈ ਹੀ ਸੋਚਦਾ ਹੈ। ਨਿੱਜ ਤੋਂ ਉਪਰ ਉੱਠ ਕੇ ਦੂਜਿਆਂ ਦੇ ਭਲੇ ਲਈ ਪਹਿਲਾਂ ਸੋਚਣਾ ਫਿਰ ਕਰਨਾ ਅਤੇ ਕਰਨ ਲਈ ਜੇ ਕੁਰਬਾਨੀਆਂ ਵੀ ਦੇਣੀਆਂ ਪੈਣ ਤਾਂ ਨਿਸੰਕੋਚ ਦੇਣੀਆਂ, ਇਹ ਵਿਰਲਿਆਂ ਦਾ ਹੀ ਕੰਮ ਹੁੰਦਾ ਹੈ। ਮਨੁੱਖ ਹੋਣ ਦੀ ਪਹਿਲੀ ਸ਼ਰਤ ਹੈ, ਸਮੁੱਚੀ ਮਨੁੱਖਤਾ ਦੇ ਭਲੇ ਲਈ ਫਿਕਰਮੰਦ ਹੋਣਾ। ਅਤੇ ਇਹ ਤਾਂ ਹੀ ਹੋ ਸਕਦਾ ਹੈ ਜੇ ਮਨੁੱਖ ਸੁਆਰਥੀ ਹੋਣਾ ਛੱਡ ਕੇ ਪਰ ਸੁਆਰਥੀ ਹੋਵੇ, ਆਪਣੇ ਹਰ ਤਰ੍ਹਾਂ ਦੇ ਪਰਿਵਾਰਿਕ ਅਤੇ ਸਮਾਜਿਕ ਫ਼ਰਜ਼ ਨਿਭਾਉਂਦਿਆਂ ਹੋਇਆ ਮਨੁੱਖ ਅਗਰ ਦੂਜਿਆਂ ਬਾਰੇ ਚੰਗਾ ਸੋਚੇ ਤੇ ਚੰਗਾ ਕਰੇ ਤਾਂ ਹੀ ਅਸਲ ਵਿਚ ਉਹ ਪਰ ਸੁਆਰਥ ਦੇ ਰਾਹ ਤੁਰ ਸਕਦਾ ਹੈ। ਸੁਆਲ ਪੈਦਾ ਹੁੰਦਾ ਹੈ ਕਿ ਪਰਸੁਆਰਥ ਦਾ ਰਾਹ ਕੀ ਹੈ?

"ਹਥਹੁ ਦੇ ਕੇ ਭਲਾ ਮਨਾਵੈ॥" ਦਾ ਸੱਚਾ ਸੁੱਚਾ ਪ੍ਰੇਮ ਭਰਿਆ ਰਾਹ ਹੈ ਪਰ ਸੁਆਰਥ ਦਾ ਰਾਹ। ਇਸ ਰਾਹ ਤੇ ਤੁਰਨਾ ਭਾਵੇਂ ਦੁਨਿਆਵੀ ਤੌਰ ਤੇ ਮੁਸ਼ਕਲ ਹੋ ਸਕਦਾ ਹੈ ਪਰ ਜੋ ਇਸ ਰਾਹ ਤੇ ਤੁਰ ਪਵੇ ਉਸ ਕੋਲ ਅਸੀਮ ਆਤਮਕ ਆਨੰਦ ਅਤੇ ਖੇੜੇ ਦਾ ਐਸਾ ਭੰਡਾਰ ਪੈਦਾ ਹੋ ਜਾਂਦਾ ਹੈ ਕਿ ਮਨੁੱਖ ਇਸ ਮਸਤੀ ਨੂੰ ਮਾਣਦਾ ਫਿਰ ਹਰ ਦੁਨਿਆਵੀ ਮੁਸ਼ਕਲ, ਇਥੋਂ ਤੱਕ ਕਿ ਮੌਤ ਨੂੰ ਵੀ ਤੁੱਛ ਜਾਣਦਾ ਹੈ।

ਇਸ ਰਾਹ ਤੇ ਸਿਰਫ ਦੂਜਿਆਂ ਲਈ ਸੋਚਣਾ ਹੀ ਨਹੀਂ ਸਗੋਂ ਆਪਣੀ ਘਾਲਣਾ ਨੂੰ ਵੀ ਦੂਜਿਆਂ ਦੇ ਭਲੇ ਲਈ ਵਰਤ ਕੇ ਵੀ ਵਾਹਿਗੁਰੂ ਦਾ ਸ਼ੁਕਰ ਕਰਦਿਆਂ ਰਜ਼ਾ ਵਿਚ ਰਾਜ਼ੀ ਰਹਿਣਾ ਅਤੇ ਬੇਹੱਦ ਖੇੜੇ ਨੂੰ ਮਾਨਣਾ ਹੁੰਦਾ ਹੈ। ਕਿਉਂਕਿ ਦੇਣ ਵਾਲਾ ਹਮੇਸ਼ਾਂ ਆਪਣੇ ਆਪ ਵਿਚ ਵੱਡਾ ਹੁੰਦਾ ਜਾਂਦਾ ਹੈ। ਵੱਡਾ ਇਸ ਲਈ ਨਹੀਂ ਹੁੰਦਾ ਕਿ ਉਹ ਦੂਜਿਆਂ ਨੂੰ ਛੋਟਾ ਸਮਝ ਕੇ ਵੱਡਾ ਹੋ ਰਿਹਾ ਹੈ। ਸਗੋਂ **"ਘਾਲਿ ਖਾਇ ਕਿਛੁ ਹਥਹੁ ਦੇਇ॥"** ਦਾ ਰਾਹ ਪਛਾਨਣ ਕਰਕੇ ਆਪਣੇ ਆਪੇ ਨੂੰ ਚੰਗਾ ਚੰਗਾ ਲੱਗਣ ਕਰਕੇ ਵੱਡਾ ਹੁੰਦਾ ਹੈ। ਧਰਮ ਦੇ ਨਾਲ ਜੁੜੇ ਹਉਮੈਂ ਤੋਂ ਬਚਦਿਆਂ ਭਾਵ ਆਪਣੇ ਆਪ ਨੂੰ ਧਾਰਮਿਕ ਅਤੇ ਦਾਨੀ ਹੋਣ ਦੇ ਹੰਕਾਰ ਤੋਂ ਬਚਾਉਂਦਿਆਂ ਪਰ ਸੁਆਰਥ ਦੀ ਸੋਚ ਦੇ ਧਾਰਨੀ ਹੁੰਦਿਆਂ ਇਹ ਵਡੱਪਣ, ਸਭ ਝੂਠੀਆਂ ਦੁਨਿਆਵੀ ਵਡਿਆਈਆਂ ਨੂੰ ਤੁੱਛ ਸਮਝਦਾ ਇਸੇ ਰਾਹ ਤੁਰ ਪੈਂਦਾ ਹੈ ਅਤੇ ਹਰ ਰੁਕਾਵਟ ਨਾਲ ਟਕਰਾ ਕੇ ਵੀ ਦੂਜਿਆਂ ਦੇ ਭਲੇ ਲਈ ਕਰਦਾ ਹੋਇਆ ਹੋਰ ਵੱਡਾ ਹੁੰਦਾ ਹੈ। ਇਹ ਹੀ ਸਮੁੱਚੀ ਮਾਨਵਤਾ ਦੇ ਭਲੇ ਦਾ ਰਾਹ ਭਾਵ ਸਰਬੱਤ ਦੇ ਭਲੇ ਦਾ ਰਾਹ ਹੈ। ਨਿੱਜ ਤੋਂ ਉੱਠ ਕੇ ਸਰਬੱਤ ਦੇ ਭਲੇ ਤੱਕ ਪਹੁੰਚਣ ਲਈ ਮਨੁੱਖ ਕਈ ਤਰ੍ਹਾਂ ਦੇ ਪੜਾਵਾਂ ਵਿਚੋਂ ਲੰਘਦਾ ਹੈ।

1. ਗਿਆਨ, 2. ਪ੍ਰੇਮ, 3. ਅਰਦਾਸ, 4. ਕਰਮ

1. ਗਿਆਨ : ਸਭ ਤੋਂ ਪਹਿਲਾਂ ਮਨੁੱਖ ਨੂੰ ਇਹ ਗਿਆਨ ਹੋਣਾ ਜ਼ਰੂਰੀ ਹੈ ਕਿ ਮਨੁੱਖਾ ਜੀਵਨ ਦਾ ਮਕਸਦ ਕੀ ਹੈ। ਜਦੋਂ ਮਨੁੱਖ ਇਸ ਜਨਮ ਦੇ ਅਸਲ ਮਕਸਦ ਭਾਵ

ਸਭ ਵਿਚ ਇਕੋ ਜਿਹੇ ਵਸ ਰਹੇ ਪਰਮਾਤਮਾ ਨੂੰ ਪਛਾਨਣ ਦਾ ਤੱਤ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਜੀਵਨ ਦਾ ਰਾਹ ਬੇਹਤਰ ਹੋ ਜਾਂਦਾ ਹੈ। ਜਦੋਂ ਉਹ ਵੇਖਦਾ ਹੈ ਸਮੁੱਚੀ ਕੁਦਰਤ ਵਿਚ ਸਭ ਕੁਝ ਇਕ ਦੂਜੇ ਉੱਤੇ ਨਿਰਭਰ ਹੈ। ਕੋਈ ਵੀ ਇਕੱਲਾ ਕੁਝ ਨਹੀਂ ਕਰ ਰਿਹਾ ਸਗੋਂ ਸਮੂਹ ਮਿਲ ਕੇ ਹੀ ਇਸ ਸ੍ਰਿਸ਼ਟੀ ਨੂੰ ਚਲਾ ਰਹੇ ਹਨ। ਇਕ ਛੋਟਾ ਜਿਹਾ ਅਣੂ ਵੀ ਵੱਡੇ ਕੁਦਰਤੀ ਵਰਤਾਰਿਆਂ ਨੂੰ ਪ੍ਰਭਾਵਤ ਕਰ ਸਕਦਾ ਹੈ ਤਾਂ ਹੀ ਮਨੁੱਖ ਇਹ ਵੀ ਸਮਝ ਸਕਦਾ ਹੈ ਕਿ ਅਸੀਂ ਸਭ ਮਨੁੱਖ ਵੀ ਇਕ ਦੂਜੇ ਤੇ ਨਿਰਭਰ ਹਾਂ। ਆਪਣੇ ਆਪ ਨੂੰ ਵੱਡਾ ਸਮਝ ਕੇ ਦੂਜਿਆਂ ਨੂੰ ਛੋਟਾ ਸਮਝਣ ਵਾਲਾ ਮਨੁੱਖ ਸਭ ਨਾਲੋਂ ਕਟਿਆ ਜਾ ਕੇ ਇਕੱਲਾ ਰਹਿ ਜਾਂਦਾ ਹੈ ਅਤੇ ਮਨੁੱਖਾ ਜਨਮ ਦਾ ਅਸਲ ਮਕਸਦ ਨਾ ਸਮਝ ਸਕਦਾ ਹੈ ਅਤੇ ਨਾ ਪਾ ਸਕਦਾ ਹੈ, ਪਰ ਦੂਜਿਆਂ ਨੂੰ ਬਰਾਬਰ ਸਮਝਣ ਵਾਲਾ ਮਨੁੱਖ ਸਹਿਜੇ ਸਹਿਜੇ ਇਸ ਰਾਹ ਤੇ ਤੁਰਦਿਆਂ ਆਪਣੀ ਮੰਜ਼ਿਲ ਵੱਲ ਵਧਦਾ ਜਾਂਦਾ ਹੈ।

2. ਪ੍ਰੇਮ : ਸਮੁੱਚੀ ਮਾਨਵਤਾ ਦੀ ਇਕ ਦੂਜੇ ਉੱਤੇ ਨਿਰਭਰਤਾ ਨੂੰ ਚੰਗੀ ਤਰ੍ਹਾਂ ਸਮਝ ਲੈਣ ਦੇ ਬਾਅਦ ਹੀ ਸ਼ੁਰੂ ਹੁੰਦਾ ਹੈ ਪ੍ਰੇਮ ਦਾ ਵਰਤਾਰਾ। ਜਿਥੇ ਇਨਸਾਨ ਆਪਣੇ ਆਪ ਤੋਂ ਉੱਠ ਕੇ ਦੂਜਿਆਂ ਲਈ ਸੋਚਣਾ ਸ਼ੁਰੂ ਕਰਦਾ ਹੈ। ਦੂਜੇ ਉਸ ਨੂੰ ਚੰਗੇ ਲੱਗਣ ਲੱਗ ਪੈਂਦੇ ਹਨ। ਉਸ ਦੀਆਂ ਅੱਖਾਂ ਵਿਚੋਂ, ਬੋਲਾਂ ਵਿਚੋਂ ਦੂਜਿਆਂ ਲਈ ਪਿਆਰ ਡੁੱਲ੍ਹ ਡੁੱਲ੍ਹ ਪੈਂਦਾ ਹੈ ਅਤੇ ਫਿਰ ਬਿਨਾਂ ਬੋਲਿਆਂ ਵੀ, ਬਿਨਾਂ ਜਤਾਇਆਂ ਵੀ ਜਦੋਂ ਉਹ ਦੂਜਿਆਂ ਦੇ ਭਲੇ ਲਈ ਸੋਚਦਾ ਹੈ ਤਾਂ ਆਪ ਮੁਹਾਰੇ ਹੀ ਕੁਦਰਤੀ ਵਰਤਾਰੇ ਅਨੁਸਾਰ ਦੂਜੇ ਵੀ ਉਸਦੇ ਭਲੇ ਲਈ ਸੋਚਦੇ ਅਤੇ ਉਸਨੂੰ ਪਿਆਰ ਕਰਦੇ ਹਨ। ਆਪ ਮੁਹਾਰੇ ਹੁੰਦਾ ਇਹ ਪਿਆਰ ਦਾ ਵਟਾਂਦਰਾ ਮਨੁੱਖ ਨੂੰ ਹੋਰ ਚੰਗਾ ਬਣਾਉਂਦਾ ਹੈ ਅਤੇ ਉਹ ਹੋਰ ਵੱਧ ਦੂਜਿਆਂ ਨੂੰ ਪਿਆਰ ਕਰਦਾ ਹੈ। ਇਸ ਤਰ੍ਹਾਂ ਵਧਦੇ ਪਿਆਰ ਵਿਚੋਂ ਹੀ ਦੂਜਿਆਂ ਦੇ ਭਲੇ ਲਈ ਕੁਝ ਕਰਨ ਦੀ ਪ੍ਰੇਰਨਾ ਮਿਲਦੀ ਹੈ ਕਿਉਂਕਿ ਜਿਨ੍ਹਾਂ ਲੋਕਾਂ ਨੂੰ ਇਨਸਾਨ ਪਿਆਰ ਕਰਦਾ ਹੈ। ਉਹ ਲੋਕ ਫਿਰ ਉਸ ਦੇ ਆਪੇ ਦਾ ਹੀ ਰੂਪ ਹੋ ਜਾਂਦੇ ਹਨ ਅਤੇ ਇਨਸਾਨ ਸਦਾ ਉਨ੍ਹਾਂ ਦੀ ਬੇਹਤਰੀ ਲਈ ਸੋਚਦਾ ਹੈ। ਇੰਜ ਪ੍ਰੇਮ ਪਰ ਸੁਆਰਥ ਲਈ ਬੜਾ ਮਹੱਤਵਪੂਰਨ ਪੜਾਅ ਹੋ ਨਿਬੜਦਾ ਹੈ।

3. ਅਰਦਾਸ : ਪ੍ਰੇਮ ਤੋਂ ਅਗਲਾ ਪੜਾ ਹੈ ਪਿਆਰੇ ਦੇ ਭਲੇ ਲਈ ਇੱਛਾ ਅਤੇ ਅਰਦਾਸ। ਜਦੋਂ ਇਨਸਾਨ ਸਭ ਨੂੰ ਪਿਆਰ ਕਰਨ ਲੱਗ ਪੈਂਦਾ ਹੈ ਤਾਂ ਉਹ ਆਪ ਮੁਹਾਰੇ ਹੀ ਸੋਚਦਾ ਵੀ ਸੱਭ ਦੇ ਭਲੇ ਲਈ ਹੀ ਹੈ। ਇਥੋਂ ਤੱਕ ਕਿ ਬੈਠਦਿਆਂ ਉਠਦਿਆਂ ਉਸ ਦੀ ਪਰਮਾਤਮਾ ਅੱਗੇ ਹਰ ਵਕਤ ਅਰਦਾਸ ਸਰਬੱਤ ਦੇ ਭਲੇ ਦੀ ਹੁੰਦੀ ਹੈ। ਉਸ ਦਾ ਆਪਾ ਸਰਬੱਤ ਦੇ ਪਿਆਰ ਵਿਚ ਰੰਗੇ ਜਾਣ ਤੋਂ ਬਾਅਦ ਸਰਬੱਤ ਦੇ ਭਲਾ ਮੰਗਣ ਤੇ ਪਹੁੰਚ ਜਾਂਦਾ ਹੈ। ਸੁਪਨੇ ਵਿਚ ਵੀ ਉਹ ਕਿਸੇ ਦੂਜੇ ਨੂੰ ਦੁੱਖ ਪਹੁੰਚਾਉਣ ਬਾਰੇ ਨਹੀਂ ਸੋਚ ਸਕਦਾ। ਪਹਿਲਾਂ ਇਹ ਅਰਦਾਸ ਹੁੰਦੀ ਸੀ ਕਿ ਮੈਨੂੰ ਇਹ ਚਾਹੀਦਾ ਹੈ ਉਹ ਚਾਹੀਦਾ ਹੈ ਕਿਵੇਂ ਵੀ ਮਿਲ ਜਾਏ। ਫਿਰ ਅਰਦਾਸ ਹੁੰਦੀ ਹੈ ਕਿ ਮੇਰਾ ਸੰਵਰੇ ਪਰ ਕਿਸੇ ਦਾ ਵਿਗੜੇ

ਨਾ। ਕਿਸੇ ਦਾ ਵਿਗੜ ਕੇ ਮੇਰਾ ਸੰਵਰਿਆ ਤਾਂ ਗਲਤ ਹੈ। ਸੁਆਰਥ ਹੈ। ਇਸ ਤੋਂ ਅਗਲੀ ਅਵਸਥਾ ਹੈ ਕਿ ਭਾਵੇਂ ਮੇਰਾ ਵਿਗੜ ਵੀ ਜਾਵੇ ਪਰ ਦੂਜੇ ਦਾ ਸੰਵਰ ਜਾਵੇ। ਇਹ ਅਵਸਥਾ ਹੈ ਅਸਲ ਵਿਚ ਪਰ ਸੁਆਰਥ ਦੀ ਅਵਸਥਾ। ਜਿਥੇ ਅਸੀਂ ਦੂਜਿਆਂ ਲਈ ਹਮਦਰਦੀ ਨਾਲ ਭਰ ਕੇ ਅਰਦਾਸ ਕਰਦੇ ਹਾਂ। ਇਹ ਅਵਸਥਾ ਆਪਣੇ ਆਪ ਨੂੰ ਚੰਗੇਪਣ ਦੀ ਉਚਾਈ ਤੇ ਲੈ ਜਾਣ ਕਰਕੇ ਆਪ ਮੁਹਾਰੇ ਆਪਣਾ ਭਲਾ ਵੀ ਹੁੰਦਾ ਰਹਿੰਦਾ ਹੈ।

4. ਕਰਮ :- ਪ੍ਰੇਮੀ ਲਈ ਅਰਦਾਸ ਤੋਂ ਅਗਲਾ ਪੜਾ ਹੈ ਪ੍ਰੇਮੀ ਲਈ ਕੁਝ ਕਰਨਾ। ਇਸ ਪੜਾ ਤੇ ਮਨੁੱਖ ਨਿੱਜ ਤੋਂ ਇਸ ਕਦਰ ਉਪਰ ਉਠ ਜਾਂਦਾ ਹੈ ਕਿ ਸਦਾ ਸੋਚਦਾ ਹੀ ਆਪਣੇ ਪਿਆਰਿਆਂ ਲਈ ਹੈ ਅਤੇ ਇਸ ਪਿਆਰ ਦੇ ਵਧਦੇ ਵਿਸ਼ਾਲ ਦਾਇਰੇ ਵਿਚ ਫਿਰ ਉਸਦੇ ਪਿਆਰਿਆਂ ਦੇ ਪਿਆਰੇ ਵੀ ਆ ਜਾਂਦੇ ਹਨ। ਹੌਲੀ ਹੌਲੀ ਉਸਦੀ ਸੋਚ ਦੇ ਵਿਸ਼ਾਲ ਹੋਣ ਨਾਲ ਉਸਦੇ ਦਾਇਰੇ ਦੇ ਵਿਸ਼ਾਲ ਹੋਣ ਨਾਲ, ਉਸ ਦੀ ਸੋਚ ਦੇ ਮਾਨਵਵਾਦੀ ਹੋਣ ਨਾਲ ਉਸ ਦਾ ਹਰ ਕਰਮ ਮਨੁੱਖਤਾ ਦੇ ਭਲੇ ਦੀ ਸੋਚ ਵਾਲਾ ਹੋ ਜਾਂਦਾ ਹੈ। ਉਸਦਾ ਹਰ ਕਦਮ ਮਨੁੱਖਤਾ ਦੇ ਭਲੇ ਲਈ ਉੱਠਦਾ ਹੈ। ਉਹ ਸਭ ਦੇ ਵਿਚ ਇਕੋ ਜਿਹੇ ਪਰਮਾਤਮਾ ਨੂੰ ਮਹਿਸੂਸ ਹੀ ਨਹੀਂ ਕਰਦਾ ਸਗੋਂ ਪਹਿਚਾਨਣ ਵੀ ਲੱਗ ਪੈਂਦਾ ਹੈ। ਇਥੇ ਪਹੁੰਚ ਕੇ ਉਹ ਕਿਸੇ ਦੀ ਵਿਅਰਥ ਬੇਇਜ਼ਤੀ ਨਹੀਂ ਕਰ ਸਕਦਾ। ਖੁੱਦ ਪ੍ਰਤੀ ਝੂਠਾ ਮਾਣ ਹੰਕਾਰ ਉਸ ਲਈ ਬਿਲਕੁਲ ਤੁੱਛ ਹੋ ਜਾਂਦਾ ਹੈ। ਕਿਉਂਕਿ ਉਹ ਸਮਝ ਚੁੱਕਾ ਹੁੰਦਾ ਹੈ ਕਿ ਉਹ ਖੁੱਦ ਵੀ ਇਕ ਬੁਲਬੁਲੇ ਦੀ ਨਿਆਈ ਹੀ ਹੈ। ਫਿਰ ਮਾਣ ਕਿਸ ਗੱਲ ਦਾ। ਉਹ ਸਮਝ ਚੁੱਕਾ ਹੁੰਦਾ ਹੈ ਕਿ ਉਸਦੀ ਇਕੱਲੇ ਦੀ ਕੋਈ ਵੀ ਹਸਤੀ ਨਹੀਂ । ਹਾਂ ਉਸ ਵਰਗੀਆਂ ਹੀ ਹੋਰ ਹਸਤੀਆਂ ਦੇ ਸਮੂਹ ਵਿਚ ਹੀ ਹੋਣ ਕਰਕੇ ਹੀ ਉਸਦੀ ਹਸਤੀ ਹੈ। ਜੇ ਉਹ ਹਸਤੀਆਂ ਦੇ ਸਮੂਹ ਦੇ ਭਲੇ ਦਾ ਖਿਆਲ ਨਹੀਂ ਰਖਦਾ ਤਾਂ ਉਸਦਾ ਆਪਣਾ ਭਲਾ ਵੀ ਨਹੀਂ ਹੋ ਸਕਦਾ। ਉਸ ਦੀ ਸੋਚ ਅਤੇ ਕਰਮ ਖੁਦ ਬ ਖੁੱਦ ਮਾਨਵਤਾ ਵਾਦੀ ਹੁੰਦੇ ਜਾਂਦੇ ਹਨ।

ਦਰਅਸਲ ਮਨੁੱਖ ਦਾ ਆਪਣਾ ਭਲਾ ਛੁਪਿਆ ਹੀ ਸਰਬੱਤ ਦੇ ਭਲੇ ਵਿਚ ਹੈ। ਮਨੁੱਖ ਭਟਕਦਾ ਆਪਣੀ ਸੋਚ ਦੇ ਸੀਮਿਤ ਦਾਇਰੇ ਕਾਰਣ ਹੀ ਹੈ। ਜੇ ਉਸਨੂੰ ਇਸ ਤੱਤ ਦੀ ਸਮਝ ਆ ਜਾਏ ਕਿ ਸਮੁੱਚੀ ਮਨੁੱਖਤਾ ਦਾ ਸਮੂਹ ਉਸ ਦੇ ਹੀ ਹਿੱਤਾਂ ਦੀ ਰਾਖੀ ਲਈ ਹੈ ਤਾਂ ਉਹ ਕਿਸੇ ਦਾ ਘਰ ਨਹੀਂ ਭੰਨੇਗਾ। ਕਿਸੇ ਨੂੰ ਨੀਵਾਂ ਨਹੀਂ ਠਹਿਰਾਏਗਾ। ਕਿਸੇ ਤੋਂ ਡਰੇਗਾ ਵੀ ਨਹੀਂ ਅਤੇ ਨਾ ਹੀ ਕਿਸੇ ਨੂੰ ਡਰਾਏਗਾ। ਜਦੋਂ ਸਾਰੀ ਮਨੁੱਖਤਾ ਆਪਣੀ ਹੀ ਹੈ। ਆਪਣਾ ਹੀ ਰੂਪ ਹੈ। ਸਭ ਦੇ ਹਿੱਤਾਂ ਵਿਚ ਹੀ ਆਪਣਾ ਹਿੱਤ ਹੈ ਤਾਂ ਡਰ ਲੱਗ ਵੀ ਕਿਸ ਤੋਂ ਸਕਦਾ ਹੈ ਅਤੇ ਮਨੁੱਖ ਡਰਾ ਵੀ ਕਿਸਨੂੰ ਸਕਦਾ ਹੈ। ਸਭ ਨੂੰ ਪਿਆਰ ਕਰਨ ਵਾਲਾ ਭਲਾ ਕਿਸੇ ਨੂੰ ਡਰ ਦੇ ਵੀ ਕਿਵੇਂ ਸਕਦਾ ਹੈ? ਇਸ ਪੜਾਅ ਤੇ ਪਹੁੰਚਿਆ ਇਨਸਾਨ ਹੀ ਫਿਰ ਸੰਪੂਰਨਤਾ ਵੱਲ ਨੂੰ ਵੱਧਦਾ ਹੈ।

***

15. ਪ੍ਰਸ਼ਨ ਪੱਤਰ ਪਾਠ ਨੰ. 8

1. ਗੁਰੂ ਤੇਗ ਬਹਾਦਰ ਸਾਹਿਬ ਦੀ ਸਖਸ਼ੀਅਤ ਤੇ ਲੇਖ ਲਿਖੋ।

2. ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਹਿਲਾ ਨਾਂ ਕੀ ਸੀ ਤੇ 'ਤੇਗ ਬਹਾਦਰ' ਨਾਂ ਕਿਵੇਂ ਰਖਿਆ ਗਿਆ?

3. ਗੁਰੂ ਹਰਿ ਰਾਇ ਸਾਹਿਬ ਨੇ ਆਪ ਜੀ ਨੂੰ ਕਿਥੋਂ ਦਾ ਮੁਖੀ ਪ੍ਰਚਾਰਕ ਥਾਪਿਆ?

4. ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰਗੱਦੀ ਮਿਲਣ ਸਮੇਂ ਦੇ ਹਾਲਾਤ ਤੇ ਗੁਰਗੱਦੀ ਨਸ਼ੀਨੀ ਦੀ ਘਟਨਾ ਦਾ ਵਿਸਥਾਰ ਸਹਿਤ ਨੋਟ ਲਿਖੋ।

5. ਗੁਰੂ ਤੇਗ ਬਹਾਦਰ ਸਾਹਿਬ ਪ੍ਰਚਾਰ ਫੇਰੀਆਂ ਸਮੇਂ ਕਿਹੜੇ-ਕਿਹੜੇ ਇਲਾਕਿਆਂ ਵਿਚ ਗਏ ਤੇ ਉਥੇ ਉਸ ਮੌਕੇ ਦੀਆਂ ਖਾਸ ਘਟਨਾਵਾਂ ਦਾ ਵਰਨਣ ਕਰੋ।

6. ਭਾਈ ਮਤੀ ਦਾਸ ਜੀ ਦੇ ਵਡੇਰਿਆਂ (ਪਿਉ ਦਾਦੇ) ਬਾਰੇ ਜਾਣਕਾਰੀ ਦਿਓ।

7. ਭਾਈ ਮਤੀ ਦਾਸ ਜੀ ਦੀ ਸ਼ਹੀਦੀ ਦੀ ਘਟਨਾ ਬਿਆਨ ਕਰੋ।

8. ਭਾਈ ਦਿਆਲਾ ਜੀ ਦੇ ਪਰਿਵਾਰ ਬਾਰੇ ਪੂਰੀ ਜਾਣਕਾਰੀ ਦਿਓ।

9. ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਬਿਆਨ ਕਰੋ।

10. ਆਹਲੂਵਾਲੀਆ ਤੇ ਰਾਮਗੜ੍ਹੀਆ ਦੋਵੇਂ ਜਥੇਦਾਰਾਂ ਦੀਆਂ ਅਹਿਮਦ ਸ਼ਾਹ ਅਬਦਾਲੀ ਨਾਲ ਹੋਈਆਂ ਲੜਾਈਆਂ ਦਾ ਵਰਨਣ ਕਰੋ।

11. ਦੋਹਾਂ ਘੱਲੂਘਾਰਿਆਂ ਸਮੇਂ ਸਿੱਖਾਂ ਦੀ ਬਹਾਦਰੀ ਤੇ ਸਿਆਣਪ ਬਾਰੇ ਜਾਣਕਾਰੀ ਦਿਓ।

12. ਇਕ ਰੱਬ ਨੂੰ ਮੰਨਣ ਬਾਰੇ ਗੁਰਮਤਿ ਦੇ ਵਿਚਾਰ ਲਿਖੋ।

13. ਗੁਰਮਤਿ ਵਿਚ ਦਸਿਆ ਗਿਆ, ਪ੍ਰਭੂ ਦਾ ਸਰੂਪ (ਛੋਨਚਇਪਟ ਡ ਘੋਦ) ਬਿਆਨ ਕਰੋ।

14. ਪ੍ਰਭੂ ਦਿਸਦਾ ਕਿਉਂ ਨਹੀਂ ? ਉਦਾਹਰਣਾਂ ਸਹਿਤ ਬਿਆਨ ਕਰੋ।

15. ਗੁਰਮਤਿ ਸਵਰਗ-ਨਰਕ ਬਾਰੇ ਕੀ ਸੇਧ ਦਿੰਦੀ ਹੈ? ਨੋਟ ਲਿਖੋ।

16. ਇਸਲਾਮ ਮੱਤ ਵਿਚ ਮੌਤ ਤੋਂ ਬਾਅਦ ਕੀ ਸਥਿਤੀ ਦਸੀ ਹੈ?

17. ਹਰੇਕ ਸ਼ਬਦ ਦਾ ਮੁੱਖ ਭਾਵ (ਰਹਾਉ) ਆਪਣੇ ਸ਼ਬਦਾਂ ਵਿਚ ਬਿਆਨ ਕਰੋ।

18. ਅਰਥ ਲਿਖੋ : ਮਹੀ, ਮਿਥਿਆ, ਦੁਰਜਨ, ਪਦ ਨਿਰਬਾਨਾ, ਦਾਰਾ, ਕੁਮਤਿ ਮੁਕਤਿ ਪੰਥ, ਘਟ, ਸਹਸਾ, ਪਰਹਰਿ।

19. ਗੁਰਬਾਣੀ ਅਨੁਸਾਰ 'ਮਨੁਖਾ ਜਨਮ ਦਾ ਮਨੋਰਥ' ਲਿਖੋ।

20. ਸਰਬੱਤ ਦੇ ਭਲੇ ਲਈ ਮਨੁੱਖ ਨੂੰ ਕਿਹੜੇ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ? ਵੇਰਵੇ ਸਹਿਤ ਲਿਖੋ। -0-